

# ਜੈਨ ਪਰੰਪਰਾ ਸੰਸਕ੍ਰਿਤੀ

ਅਤੇ

# ਸਾਹਿਤ ਦਾ ਪਿਛੋਕੜ

# ਜੈਨ ਪ੍ਰੰਪਰਾ ਦਾ ਪਿਛੋਕੜ

## ਤੀਰਥੰਕਰ ਪ੍ਰੰਪਰਾ

ਜੈਨ ਧਰਮ ਦਾ ਇਤਿਹਾਸ ਉਨਾ ਹੀ ਪੁਰਾਣਾ ਹੈ ਜਿੰਨਾ ਕਿ ਆਤਮਾ ਦਾ ਇਤਿ-ਹਾਸ। ਜਿਵੇਂ ਆਤਮਾ ਅਨਾਦਿ ਹੈ ਇਸ ਪ੍ਰਕਾਰ ਜੈਨ ਧਰਮ ਪ੍ਰੰਪਰਾ ਅਨਾਦਿ ਹੈ। ਜੈਨ ਪਰੰਪਰਾ ਅਨੁਸਾਰ ਸਮੁੱਚਾ ਜੀਵ ਚਾਰ ਗਤੀਆਂ ਵਿਚ ਘੁੰਮਦਾ ਰਹਿੰਦਾ ਹੈ ਉਹ ਗਤੀਆਂ ਹਨ। 1) ਮਨੁੱਖ 2) ਦੇਵਤਾ 3) ਪਸ਼ੂ 4) ਨਾਰਕੀ। ਸੰਸਾਰ ਅਨਾਦਿ ਹੈ ਅਨੰਤ ਹੈ ਪਰ ਦਰਵੋਂ ਪਖੋਂ ਪਰਿਵਰਤਨਸ਼ੀਲ ਹੈ। ਸੰਸਾਰ ਦੇ ਇਕ ਖੰਡ ਦਾ ਨਾਂ ਭਰਤ ਖੰਡ ਹੈ। ਜਿਥੇ 24 ਤੀਰਥੰਕਰ ਸਮੇਂ ਸਮੇਂ ਜਨਮ ਲੈਂਦੇ ਹਨ ਅਤੇ ਲੋਕਾਂ ਨੂੰ ਅਹਿੰਸਾ, ਸੰਜਮ ਤਪ ਤੇ ਅਨੇਕਾਂਤਵਾਦ ਦਾ ਰਾਹ ਵਿਖਾਉਂਦੇ ਰਹਿੰਦੇ ਹਨ। ਤੀਰਥੰਕਰ ਜੈਨ ਪਰੰਪਰਾ ਅਨੁਸਾਰ ਆਤਮਾ ਦੀ ਸਰਵਉੱਚ ਸਥਿਤੀ ਦਾ ਨਾਂ ਹੈ। ਤੀਰਥੰਕਰ ਕੋਈ ਅਵਤਾਰ ਨਹੀਂ ਹੁੰਦੇ ਹਨ ਪਰ ਆਤਮਾ ਦੇ ਵਿਕਾਸ ਦੀ ਇਸ ਤੋਂ ਅਗੇ ਕੋਈ ਹੱਦ ਨਹੀਂ। ਤੀਰਥੰਕਰ ਦੇਵਤੇ ਮਨੁਖਾਂ ਰਾਹੀਂ ਪੂਜੇ ਜਾਂਦੇ ਹਨ। ਤੀਰਥੰਕਰ ਪਿਛਲੇ ਜਨਮ ਦੀ ਕਮਾਈ ਸਦਕਾ ਮਤੀ, ਸਰੁਤ, ਤੇ ਅਵਧੀ ਗਿਆਨ ਦੇ ਧਾਰਕ ਹੁੰਦੇ ਹਨ। ਇਹ ਹਮੇਸ਼ਾ ਰਾਜ ਵੰਸ਼ ਵਿਚ ਜਨਮ ਲੈਂਦੇ ਹਨ ਤੀਰਥੰਕਰਾਂ ਦੀ ਮਾਤਾਵਾਂ ਜਨਮ ਤੋਂ ਪਹਿਲਾਂ 14 ਸੁਪਨੇ ਵੇਖਦੀਆਂ ਹਨ। ਸਾਰੇ ਤੀਰਥੰਕਰ ਬਿਨਾ ਗੁਰੂ ਤੋਂ ਸਾਧੂ ਜੀਵਨ ਗ੍ਰਹਿਣ ਕਰਦੇ ਹਨ। ਦੀਖਿਆ ਤੋਂ ਪਹਿਲਾਂ ਇਕ ਸਾਲ ਦਾਨ ਦਿੰਦੇ ਹਨ। ਦੀਖਿਆ ਸਮੇਂ ਇਨ੍ਹਾਂ ਤੀਰਥੰਕਰਾਂ ਨੂੰ ਚੋਥਾ ਮਨ ਪਰੱਜਵ ਗਿਆਨ ਪ੍ਰਾਪਤ ਹੋ ਜਾਂਦਾ ਹੈ। ਸਭ ਤੋਂ ਪ੍ਰਮੁਖ ਗਿਆਨ ਕੇਵਲ ਗਿਆਨ ਹੈ। ਇਸ ਗਿਆਨ ਦੇ ਪ੍ਰਗਟ ਹੋਣ ਤੇ ਜਨਮ ਸਰਨ ਦਾ ਚੱਕਰ ਮਿਟ ਜਾਂਦਾ ਹੈ। ਆਤਮਾ ਪ੍ਰਮਾਤਮ ਅਵਸਥਾ ਨੂੰ ਪ੍ਰਾਪਤ ਕਰਦੀ ਹੈ। ਤੀਰਥੰਕਰ ਪਦਵੀ ਪਿਛਲੇ ਕਈ ਜਨਮਾਂ ਦੀ ਕਮਾਈ ਦਾ ਫਲ ਹੁੰਦਾ ਹੈ। ਤੀਰਥੰਕਰ ਦੇ ਗਰਭ, ਜਨਮ, ਦੀਖਿਆ, ਕੇਵਲ ਗਿਆਨ ਤੇ ਨਿਰਵਾਨ ਸਮੇਂ ਦੇਵਤਾਂ ਆਉਂਦੇ ਹਨ। ਇਸ ਸਮੇਂ ਨੂੰ ਕਲਿਆਨਕ ਆਖਦੇ ਹਨ। ਇਨ੍ਹਾਂ ਦਾ ਵਰਣਨ ਜੈਨ ਗ੍ਰੰਥ ਕਲਪ ਸੂਤਰ ਵਿਚ ਵਿਸਥਾਰ ਨਾਲ ਆਇਆ ਹੈ। ਕੇਵਲ ਗਿਆਨ ਪ੍ਰਗਟ ਹੋਣ ਤੋਂ ਵਾਅਦ ਤੀਰਥੰਕਰਾਂ ਦੇ ੩੪ ਅਤਿਸ਼ੇ, ੮ ਪ੍ਰਤਿਹਾਰੇ ਪ੍ਰਗਟ ਹੁੰਦੇ ਹਨ। ਤੀਰਥੰਕਰ ਦੀ ਧਰਮ ਸਭਾ ਸਮੋਸਰਨ ਅਖਵਾਉਂਦੀ ਹੈ ਕੇਵਲ ਗਿਆਨ ਤੋਂ ਵਾਅਦ ਸਵਰਗ, ਧਰਤੀ ਦੇ ਜੀਵ ਜੰਤੂ ਤੀਰਥੰਕਰਾਂ ਦੀ ਧਰਮ ਸਭਾ ਵਿਚ ਬੈਠਕੇ ਤੀਰਥੰ-

ਕਰ ਦਾ ਉਪਦੇਸ਼ ਅਪਣੀ ਅਪਣੀ ਭਾਸ਼ਾ ਵਿਚ ਸੁਨਦੇ ਹਨ। ਮੂਲ ਰੂਪ ਵਿਚ ਤੀਰਥੰਕਰ ਲੋਕ ਭਾਸ਼ਾ ਪ੍ਰਕ੍ਰਿਤ ਵਿਚ ਉਪਦੇਸ਼ ਕਰਦੇ ਹਨ। ਕੇਵਲ ਗਿਆਨ ਦੇ ਪ੍ਰਭਾਵ ਕਾਰਣ ਹਰ ਜੀਵ ਅਸਾਨੀ ਨਾਲ ਅਪਣੀ ਅਪਣੀ ਭਾਸ਼ਾ ਵਿਚ ਸਾਰਾ ਉਪਦੇਸ਼ ਗ੍ਰਹਿਣ ਕਰਦੇ ਹਨ। ਭਰਤ ਖੰਡ (ਭਾਰਤ) ਵਿਚ ਅਜਕਲ ਤੀਰਥੰਕਰ ਪਰੰਪਰਾ ਕਾਫੀ ਸਮੇਂ ਲਈ ਬੰਦ ਹੈ। ਪਰ ਕਾਲ ਤੇ ਤੀਸਰੇ ਤੇ ਚੌਥੇ ਭਾਗ ਵਿਚ ਤੀਰਥੰਕਰ ਜਨਮ ਲੈਂਦੇ ਹਨ। ਧਰਤੀ ਦੇ ਕਈ ਹਿਸੇ ਹੁਣ ਵੀ ਅਜੇਹੇ ਹਨ ਜਿਥੇ 20 ਵਿਹਰਮਾਨ ਤੀਰਥੰਕਰ ਘੁਮ ਰਹੇ ਹਨ। ਇਸ ਹਿਸੇ ਨੂੰ ਮਹਾਵਿਦੇਹ ਆਖਦੇ ਹਨ। ਇਸ ਭਾਗ ਵਿਚ ਕੋਈ ਖਾਸ ਗਿਆਨੀ ਧਿਆਨ ਨਾਲ ਹੀ ਪਹੁੰਚ ਸਕਦਾ ਹੈ। ਭਾਵ ਇਥੇ ਘੁਮਨ ਵਾਲੇ ਤੀਰਥੰਕਰ ਦਾ ਧਿਆਨ ਕੀਤਾ ਜਾ ਸਕਦਾ ਹੈ। ਆਮ ਮਨੁੱਖ ਦਾ ਪਹੁੰਚਨਾ ਅਸੰਭਵ ਹੈ। ਇਸ ਪ੍ਰਕਾਰ ਤੀਰਥੰਕਰ ਪਰੰਪਰਾ ਅਨਾਦਿ ਅਤੇ ਅਖੰਡ ਹੈ। ਸੰਸਾਰ ਵਿਚ ਘਟੋ ਘਟ 4 ਅਤੇ ਵੱਧ ਤੋਂ ਵੱਧ 170 ਤੀਰਥੰਕਰ ਜਨਮ ਲੈ ਸਕਦੇ ਹਨ। ਤੀਰਥੰਕਰ ਧਰਮ ਰੂਪੀ ਸਾਧੂ, ਸਾਧਵੀ, ਸ਼੍ਰਾਵਕ ਅਤੇ ਸ਼੍ਰਾਵਿਕਾ ਤੀਰਥ ਦੀ ਨੀਂਹ ਰਖਨ ਕਾਰਣ ਤੀਰਥੰਕਰ ਅਖਵਾਉਂਦੇ ਹਨ। ਸਾਰੀ ਸ੍ਰਿਸ਼ਟੀ ਵਿਚ ਢਾਈ ਦੀਪ ਮਨੁੱਖਾਂ ਦੀ ਆਬਾਦੀ ਹੈ। ਦੀਪ ਇਹ ਹਨ— 1) ਜੰਬੂ ਦੀਪ 2) ਧਾਤਰੀ ਖੰਡ 3) ਅੱਧਾ ਪੁਖਰਾਜ। 4) ਮਹਾਵਿਦੇਹ ਖੇਤਰ ਹਨ। ਹਰ ਮਹਾਵਿਦੇਹ ਵਿਚ 4-4 ਤੀਰਥੰਕਰ ਘੁੰਮ ਰਹੇ ਹਨ।

## ਤੀਰਥੰਕਰ ਤੇ ਅਰਿਹੰਤ

ਅਰਿਹੰਤ ਤੋਂ ਭਾਵ ਹੈ, ਇੰਦਰੀਆਂ ਦੇ ਦੁਸ਼ਮਨਾਂ ਦਾ ਜੇਤੂ ਜਿੰਨ। ਜਿਵੇਂ ਤੀਰਥੰਕਰ ਜਨਮ ਤੇ ਪਿਛਲੇ ਤੱਪ ਪ੍ਰਭਾਵ ਕਾਰਣ ਜਨਮ ਤੋਂ ਹੀ ਮਹਾਨ ਹੁੰਦੇ ਹਨ ਅਤੇ ਉਨ੍ਹਾਂ ਦੀ ਸੰਖਿਆ ਨਿਸ਼ਚਿਤ ਹੁੰਦੀ ਹੈ। ਸਾਰੇ ਤੀਰਥੰਕਰ ਅਰਿਹੰਤ ਹੁੰਦੇ ਹਨ, ਪਰ ਸਾਰੇ ਅਰਿਹੰਤ ਤੀਰਥੰਕਰ ਨਹੀਂ ਹੁੰਦੇ। ਤੀਰਥੰਕਰ ਦਾ ਜਨਮ ਤੋਂ ਲੈ ਕੇ ਅੰਤ ਸਮੇਂ ਤਕ ਨਿਰਵਾਨ ਨਿਸ਼ਚਿਤ ਹੁੰਦਾ ਹੈ, ਪਰ ਅਰਿਹੰਤ ਸਧਾਰਣ ਮਨੁੱਖ ਹੁੰਦੇ ਹਨ, ਜੋ ਤੀਰਥੰਕਰ ਜਾਂ ਕਿਸੇ ਧਰਮ ਗੁਰੂ ਤੋਂ ਸੱਚਾ ਗਿਆਨ ਪ੍ਰਾਪਤ ਕਰਦੇ ਇਹ ਅਵਸਥਾ ਪ੍ਰਾਪਤ ਕਰਦੇ ਹਨ। ਇਨ੍ਹਾਂ ਨੂੰ ਜੈਨ ਪਰਿਭਾਸ਼ਾ ਵਿਚ ਸਮਾਨਯ ਕੇਵਲੀ ਆਖਿਆ ਜਾਂਦਾ ਹੈ। ਗਿਆਨ ਪਖੋਂ ਤੀਰਥੰਕਰ ਦੇ ਬਰਾਬਰ ਹੁੰਦੇ ਹਨ ਅਤੇ ਅੰਤ ਸਮੇਂ ਹਰ ਅਰਿਹੰਤ ਦਾ ਮੋਕਸ਼ ਨਿਸ਼ਚੈ ਹੈ। ਸੋ ਜੈਨ ਧਰਮ ਵਿਚ ਭਗਤੀ ਦਾ ਉਦੇਸ਼ ਭਗਵਾਨ ਨੂੰ ਖੁਸ਼ ਕਰਕੇ ਕੋਈ ਵਰ ਪ੍ਰਾਪਤ ਕਰਨਾ ਨਹੀਂ ਸਗੋਂ ਰਾਗ, ਦਵੇਸ਼ ਦਾ ਤਿਆਗ ਕਰਕੇ ਕਰੋਧ, ਮੋਹ, ਲੋਭ, ਹੰਕਾਰ ਦਾ ਤਿਆਗ ਕਰਕੇ ਭਗਤ ਤੋਂ ਭਗਵਾਨ ਬਨਣਾ ਹੈ। ਜੈਨ ਧਰਮ ਵਿਚ ਪ੍ਰਮਾਤਮਾ, ਭਗਵਾਨ, ਅਰਿਹੰਤ, ਜਾਂ ਸਿੱਧ ਪ੍ਰੇਰਣਾ ਦੇਨ ਵਾਲੇ ਪ੍ਰਤੀਕ ਹਨ। ਉਸ ਜੈਨ ਧਰਮ ਵਿਚ ਵੀਤਰਾਗ ਭਗਵਾਨ ਦੀ ਉਪਾਸਨਾ ਕੀਤੀ ਜਾਂਦੀ ਹੈ। ਜਿਸ ਤੋਂ ਭਾਵ ਹੈ ਕਿ ਰਾਗ ਤੇ

ਦਵੇਸ਼ ਤੋਂ ਰਹਿਤ ਮੁਕਤ ਆਤਮਾ। ਜੈਨ ਧਰਮ ਵਿਚ ਭਗਤੀ ਦਾ ਉਦੇਸ਼ ਜਨਮ ਮਰਨ ਦਾ ਕਾਰਣ ਰੂਪ ਕਰਮ ਪ੍ਰੰਪਰਾ ਦਾ ਖਾਤਮਾ ਕਰਕੇ ਅਰਿਹੰਤ ਬਨਣਾ ਹੈ। ਅਰਿਹੰਤ ਉਹ ਪਦਵੀ ਹੈ ਜਿਸ ਨੂੰ ਪ੍ਰਾਪਤ ਕਰਕੇ ਮਨੁੱਖ ਦਾ ਜਨਮ ਮਰਨ ਹਮੇਸ਼ਾ ਹਮੇਸ਼ਾ ਲਈ ਕਟਿਆ ਜਾਂਦਾ ਹੈ। ਜੈਨ ਧਰਮ ਗੁਣ ਪ੍ਰਧਾਨ ਹੈ। ਵਿਅੱਕਤੀ ਪ੍ਰਧਾਨ ਨਹੀਂ। ਇਸ ਲਈ ਇਸ ਧਰਮ ਵਿਚ ਜਾਤਪਾਤ, ਛੂਆਛੂਤ ਦਾ ਕੋਈ ਮਹੱਤਵ ਨਹੀਂ। ਜੈਨ ਧਰਮ ਭਾਵ ਪ੍ਰਧਾਨ ਹੈ। ਇਸ ਧਰਮ ਵਿਚ ਸ਼ਰੀਰ ਨੂੰ ਕਸ਼ਟ ਦੇਨਾ ਮੂਰਖਤਾ ਪੂਰਨ ਕ੍ਰਿਆ ਜਾਂ ਬਾਲ ਤੱਪ ਆਖਿਆ ਗਿਆ ਹੈ। ਪੰਡਿਤ ਤੱਪ ਤਾਂ ਉਹ ਹੈ ਜੋ ਹੋਸ਼ ਅਤੇ ਅਣਗਹਿਲੀ ਰਹਿਤ ਹੈ।

ਜੈਨ ਧਰਮ, ਧਰਮ ਦੇ ਨਾਂ ਤੋਂ ਕੀਤੀ ਜਾਂਦੀ ਹਿੰਸਕ ਕ੍ਰਿਆ ਦਾ ਵਿਰੋਧ ਕਰਦਾ ਹੈ ਭਾਵੇਂ ਇਹ ਹਿੰਸਾ ਮਨ ਰਾਹੀਂ ਹੋਵੇ, ਬਚਨ ਰਾਹੀਂ ਹੋਵੇ ਜਾਂ ਸ਼ਰੀਰ ਰਾਹੀਂ। ਇਸ ਹਿੰਸਾ ਦਾ ਕਰਮ ਵਾਲਾ ਭਾਵੇਂ ਖੁੱਦ ਆਪ ਹੋਵੇ ਜਾਂ ਹੋਰ ਹੋਵੇ ਜਾਂ ਹੋਰ ਰਾਹੀਂ ਹਿੰਸਾ ਦੀ ਹਿਮਾਇਤ ਹੋਵੇ। ਜੈਨੀ ਸਾਧੂ ਨੂੰ ਇਸ ਪ੍ਰਕਾਰ ਦੀ ਹਿੰਸਾ ਦਾ ਤਿਆਗ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਝੂਠੀ, ਚੋਰੀ ਪਰਿਗ੍ਰਹਿ (ਜਰੂਰਤ ਤੋਂ ਵੱਧ ਵਸਤਾਂ ਦਾ ਸੰਗ੍ਰਹਿ) ਅਤੇ ਵਿਭਚਾਰ ਪ੍ਰਤਿ ਸਾਧੂ ਨਿਯਮਾਂ ਦਾ ਪਾਲਨ ਕਰਦੇ ਹਨ।

ਜੈਨ ਉਪਾਸਕ ਘਰ ਵਿਚ ਰਹਿਕੇ ਤੀਰਥੰਕਰਾਂ ਰਾਹੀਂ ਦਸੇ ਧਰਮ ਨੂੰ ਸਾਧੂਆਂ ਰਾਹੀਂ ਸੁਣਦਾ ਹੈ ਉਸ ਤੇ ਵਿਸ਼ਵਾਸ਼ ਕਰਦਾ ਹੈ। ਘਰ ਵਿਚ ਰਹਿਕੇ ਉਹ ਖੇਤੀ, ਵਿਉਪਾਰ ਗੋਪਾਲਨ, ਨੌਕਰੀ ਕਰਦਾ ਹੋਇਆ, ਅਹਿੰਸਾ, ਸਚ, ਚੋਰੀ ਤਿਆਗ, ਵਿਭਚਾਰ, ਵਸਤਾਂ ਸੰਗ੍ਰਹਿ ਦਾ ਮੋਟਾ ਤਿਆਗ ਕਰਦਾ ਹੈ। ਜੈਨ ਉਪਾਸਕ ਦੇ ਵਰਤਾਂ ਨੂੰ ਸ਼੍ਰਾਵਕ ਦੇ 12 ਵਰਤ ਆਖਦੇ ਹਨ। ਜੈਨ ਸਾਧੂ ਨੂੰ ਭਿਖਸ਼ੂ, ਸ਼੍ਰਮਣ, ਨਿਰਗ੍ਰੰਥ ਅਨਗਾਰ ਆਖਿਆ ਜਾਂ ਦਾ ਹੈ। ਸਾਧੂ ਇਨ੍ਹਾਂ ਵਰਤਾਂ ਨੂੰ ਤਿੰਨ ਕਰਨ ਅਤੇ ਤਿੰਨ ਯੋਗ ਨਾਲ ਪਾਲਨ ਕਰਦੇ ਹਨ ਸਾਧੂ ਦੇ ਇਹੋ ਮਹਾਵਰਤ ਆਖੇ ਜਾਂਦੇ ਹਨ। ਸਾਧੂ, ਉਪਾਸਕਾਂ ਦੇ ਘਰ ਤੋਂ ਸ਼ਰੀਰਿਕ ਪਹਿਨਣ, ਖਾਣ-ਪੀਣ ਦੀਆਂ ਜਰੂਰਤਾਂ ਪ੍ਰਾਪਤ ਕਰਦਾ ਹੈ, ਜੋ ਨਿਯਮ ਸਾਧੂ ਲਈ ਹਨ ਉਹ ਹੀ ਸਾਧਵੀਆਂ ਲਈ ਹਨ।

## ਕੁਝ ਪ੍ਰਸਿੱਧ ਤੀਰਥੰਕਰ

ਜੈਨ ਧਰਮ ਦੇ ਜਿਨ੍ਹਾਂ ਚੌਬੀ ਤੀਰਥੰਕਰਾਂ ਦਾ ਅਸੀਂ ਜਿਕਰ ਕੀਤਾ ਹੈ ਪਹਿਲਾਂ ਉਨ੍ਹਾਂ ਬਾਰੇ ਸੰਖੇਪ ਜਾਨਕਾਰੀ ਅਸੀਂ ਇਸ ਪ੍ਰਕਾਰ ਦੇ ਰਹੇ ਹਾਂ। ਜੋ ਵਰਤਮਾਨ ਕਾਲ ਵਿਚ ਹੋਏ ਹਨ।

# 24 ਤੀਰਥੰਕਰਾਂ ਦੇ ਪਵਿੱਤਰ ਚਿੰਨ੍ਹ

★



| ਲੜੀ ਨੰ | ਤੀਰਥੰਕਰ ਦਾ ਨਾਂ | ਜਨਮ ਸ਼ਥਾਨ | ਮਾਤਾ (ਰਾਣੀ) | ਪਿਤਾ (ਰਾਜਾ) | ਚਿਨ੍ਹ | ਕੇਵਲ ਗਿਆਨ ਸਥਾਨ | ਮੁਕਤੀ ਸਥਾਨ |
|---|---|---|---|---|---|---|---|
| 1 | ਸ੍ਰੀ ਰਿਸ਼ਵ ਦੇਵ ਜੀ | ਅਯੋਧਿਆ | ਮਰੂਦੇਵੀ | ਨਾਭੀ ਰਾਏ | ਬਲਦ | ਪੁਰਮਿਤਾਲ | ਅਸ਼ਟਾਪਦ ਪਰਬਤ |
| 2 | ਸ੍ਰੀ ਅਜੀਤ ਨਾਥ ਜੀ | ,, | ਵਿਜੈ | ਜਿਤਸ਼ਤਰੂ | ਹਾਥੀ | ਅਯੋਧਿਆ | ਸਮੇਤ ਸਿਖਰ |
| 3 | ਸ੍ਰੀ ਸੰਭਵ ਨਾਥ | ਸ਼ਾਵਸਤੀ | ਸੈਨਾ | ਜਿਤਾ | ਘੋੜਾ | ਸ੍ਰਾਵਸਤੀ | ,, |
| 4 | ਸ੍ਰੀ ਅਭਿਨੰਦਨ ਜੀ | ਅਯੋਧਿਆ | ਸਿਧਾਰਥਾ | ਸੰਬਰ | ਬਾਂਦਰ | ਅਯੋਧਿਆ | ,, |
| 5 | ਸ੍ਰੀ ਸੁਮਤੀ ਨਾਥ ਜੀ | ,, | ਸੁਮੰਗਲਾ | ਮੇਘਰਥ | ਕਰੌਂਚ | ,, | ,, |
| 6 | ਸ੍ਰੀ ਪਦਮਪ੍ਰਭ ਜੀ | ਕੋਸ਼ਾਂਬੀ | ਸੁਮਿੱਤਰਾ | ਸ੍ਰੀਧਰ | ਕਮਲ | ਕੋਸਾਬੀ | ,, |
| 7 | ਸ੍ਰੀ ਸੁਪਾਰਸ਼ਵ ਜੀ | ਬਾਰਾਨਸੀ | ਪਰਿਥਵੀ | ਪ੍ਰਤਿਸੁਭ | ਸਵਾਸਤਿਕ | ਬਾਰਾਣਸੀ | ,, |
| 8 | ਸ੍ਰੀ ਚੰਦਰ ਪ੍ਰਭ ਜੀ | ਚੰਦਨਪੁਰੀ | ਲਕਸ਼ਮਨਾ | ਮਹਾਸੇਨ | ਚੰਦਰਮਾਂ | ਚੰਦਰ ਪੁਰੀ | ,, |
| 9 | ਸ੍ਰੀ ਸੁਵਿਧੀ ਨਾਥ ਜੀ | ਕਾਂਕਦੀ | ਰਾਮਾਂ ਦੇਵੀ | ਸੁਗਰੀਵ | ਮਤਸ | ਕਾਕੰਦੀ | ,, |
| 10 | ਸ੍ਰੀ ਸ਼ੀਤਲ ਨਾਥ ਜੀ | ਭਦਿਲਪੁਰ | ਨੰਦਾ ਦੇਵੀ | ਦਰਿੜ ਰਥ | ਸ੍ਰੀ ਵਤਸ | ਭਦਿਲਪੁਰ | ,, |
| 11 | ਸ੍ਰੀ ਸ਼ਰਿਆਂਸ਼ ਨਾਥ ਜੀ | ਸਿੰਘਪੁਰ | ਵਿਸ਼ਨੂੰ | ਵਿਸ਼ਨੂੰ | ਗੈਂਦਾ | ਸਿੰਘਪੁਰ | ,, |
| 12 | ਸ੍ਰੀ ਵਾਸੂ ਪੂਜਯ ਜੀ | ਚੰਪਾਪੁਰੀ | ਜੈ | ਵਾਸੂਪੂਜ | ਭੈਸ | ਚੰਪਾਪੁਰੀ | ,, |
| 13 | ਸ੍ਰੀ ਵਿਮਲ ਨਾਥ ਜੀ | ਕਪਿਲ ਪੁਰੀ | ਸਿਆਮਾ | ਕ੍ਰਿਤ ਵਰਮਾ | ਸੂਅਰ | ਕਪਿਲ ਪੁਰੀ | ਸਮੇਤ ਸਿਖਰ |
| 14 | ਸ੍ਰੀ ਅਨੰਤਨਾਥ ਜੀ | ਅਯੋਧਿਆ | ਸੁਯਸ਼ਾ | ਸਿੰਘਸੇਨ | ,, | ਅਯੋਧਿਆ | ,, |
| 15 | ਸ੍ਰੀ ਧਰਮ ਨਾਥ ਜੀ | ਰਤਨਪੁਰੀ | ਸੁਵਰਤਾ | ਭਾਨੂ | ਵਜਰ | ਰਤਨਪੁਰੀ | ,, |
| 16 | ਸ੍ਰੀ ਸ਼ਾਂਤੀ ਨਾਥ ਜੀ | ਹਸਤਨਾਪੁਰ | ਅਚਿਰਾ | ਵਿਸ਼ਵ ਸੈਨ | ਮਿਰਗ | ਹਸਤਨਾਪੁਰ | ,, |
| 17 | ਸ੍ਰੀ ਕੁੰਥੂ ਨਾਥ ਜੀ | ,, | ਸ੍ਰੀ | ਸੂਕ | ਬਕਰਾ | ,, | ,, |
| 18 | ਸ੍ਰੀ ਅਰਹ ਨਾਥ ਜੀ | ,, | ਦੇਵੀ | ਸੁਦਰਸਨਾ | ਨੰਦਾਵਰਤ | ,, | ,, |
| 19 | ਸ੍ਰੀ ਮੱਲੀ ਨਾਥ ਜੀ | ਮਿਥਿਲਾ | ਪ੍ਰਭਾਵਤੀ | ਕੁੰਭ | ਘੋੜਾ | ਮਿਥਿਲਾ | ,, |
| 20 | ਸ੍ਰੀ ਮੁਨੀ ਸੁਵਰਤ ਜੀ | ਰਾਜਗ੍ਰਹਿ | ਪਦਮਾ | ਸੁਮਿਤਰ | ਕੱਛੂ | ਰਾਜਗ੍ਰਹਿ | ,, |
| 21 | ਸ੍ਰੀ ਨਮਿ ਨਾਥ ਜੀ | ਮਿਥਿਲਾ | ਵਿਪੁਰਾ | ਵਿਜੈ | ਨੀਲਕਮਲ | ਮਿਥਿਲਾ | ,, |
| 22 | ਸ੍ਰੀ ਨੇਮਿਨਾਥ ਜੀ | ਸ਼ੋਰਿਆਪੁਰ | ਸ਼ਿਵਾ | ਸਮੁਦਰ ਵਿਜੈ | ਸ਼ੰਖ | ਗਿਰਨਾਰ | ਗਿਰਨਾਰ ਜੀ |
| 23 | ਸ੍ਰੀ ਪਾਰਸ਼ ਨਾਥ ਜੀ | ਵਾਰਾਨਸੀ | ਵਾਮਾ | ਅਸ਼ਵਸੈਨ | ਸੱਪ | ਅਹਿਛੱਤਰਾ | ਸਮੇਤ ਸਿਖਰ |
| 24 | ਸ੍ਰੀ ਵਰਧਮਾਨ ਜੀ | ਖਤਰੀ ਕੁੰਡ ਗ੍ਰਾਮ | ਤ੍ਰਿਸ਼ਲਾ | ਸਿਧਾਰਥ | ਸ਼ੇਰ | ਰਿਜੁਬਾਲਕਾ ਨਦੀ | ਪਾਵਾਪੁਰੀ |

## ਭਵਿੱਖ ਵਿਚ ਹੋਣ ਵਾਲੇ ਤੀਰਥੰਕਰਾਂ ਦੀ ਸੂਚੀ

1) ਸ਼੍ਰੀ ਪਦਮ ਨਾਭ । 2) ਸ਼੍ਰੀ ਸੂਰਦੇਵ 3) ਸ਼੍ਰੀ ਸੁਪਾਰਸਵ 4) ਸ਼੍ਰੀ ਸੰਭਵ 5) ਸ਼੍ਰੀ ਸਰਵਾਨੂ ਭੂਤੀ 6) ਸ਼੍ਰੀ ਦੇਵ ਸ਼ਰੁਤ 7) ਸ਼੍ਰੀ ਉਦੈ ਨਾਥ 8) ਸ਼੍ਰੀ ਪੇਂਡਾਲ 9) ਸ਼੍ਰੀ ਪੋਂਟਿਲ 10) ਸ਼੍ਰੀ ਸਤਕ੍ਰੀਤੀ 11) ਸ਼੍ਰੀ ਸੁਵਰਤ 12 ਸ਼੍ਰੀ ਅਮੱਮ 13) ਸ਼੍ਰੀ ਨਿਸ਼ ਕਸਾਏ 14) ਸ਼੍ਰੀ ਨਿਸ਼ਪੁਲਾਕ 15) ਸ਼੍ਰੀ ਨਿਰਮਮ 16)ਸ਼੍ਰੀ ਚਿੱਤਰ ਗੁਪਤ 17) ਸ਼੍ਰੀ ਸਮਾਧੀ ਨਾਥ 18) ਸ਼੍ਰੀ ਸੰਬਰ ਨਾਥ 19) ਸ਼੍ਰੀ ਯਸ਼ੋਧਰ 20) ਸ੍ਰੀ ਵਿਜੈ 21) ਸ਼ੀਲ ਦੇਵ 22) ਸ੍ਰੀ ਅਨੰਤ 23) ਸ਼੍ਰੀ ਵੀਰੀਆ 24) ਸ਼੍ਰੀ ਭਦਰਕਰ ।

## ਮਹਾਵਿਦੇਹ ਖੇਤਰ ਵਿਚ ਵਰਤਮਾਨ ਵਿਚ ਘੁਮ ਰਹੇ 20 ਤੀਰਥੰਕਰ

1) ਸ਼੍ਰੀ ਸ਼੍ਰੀਮਿੰਦਰ 2) ਸ਼੍ਰੀ ਯੁਗਮਿੰਦਰ 3) ਸ਼੍ਰੀ ਵਾਹੂ ਜੀ 4) ਸ਼੍ਰੀ ਸੁਵਾਹੂ ਜੀ 5) ਸ਼੍ਰੀ ਸੁਜਾਤ ਜੀ 6) ਸ਼੍ਰੀ ਸ਼ਵੈਂ ਪ੍ਰਭਵ ਜੀ 7) ਸ਼੍ਰੀ ਰਿਸ਼ਵਨਾਣ 8) ਸ਼੍ਰੀ ਅਨੰਤ ਵੀਰਿਆ ਜੀ 9) ਸ਼੍ਰੀ ਸੁਰਪ੍ਰਭਵ ਜੀ 10) ਸ੍ਰੀ ਵਿਸ਼ਾਲਧਰ ਜੀ 11) ਸ਼੍ਰੀ ਵੱਜਰਧਰ ਜੀ 12) ਸ਼੍ਰੀ ਚੰਦਰ ਨਾਥ ਜੀ 13) ਸ਼੍ਰੀ ਚੰਦਰ ਵਾਹੂ ਜੀ 14) ਸ਼੍ਰੀ ਭੁਜੰਗ ਜੀ 15) ਸ੍ਰੀ ਈਸ਼ਵਰ ਜੀ 16) ਸ਼੍ਰੀ ਨੇਮਿ ਸੰਵਰ ਜੀ 17) ਸ਼੍ਰੀ ਵੀਰ ਸੇਨ ਜੀ 18) ਸ਼੍ਰੀ ਦੇਵਯਸ਼ ਜੀ 19) ਸ਼੍ਰੀ ਮਹਾਭੱਦਰ ਜੀ 20) ਸ਼੍ਰੀ ਅਜੀਤ ਵੀਰਿਆ ਜੀ ।

ਇਹ ਤੀਰਥੰਕਰ ਪ੍ਰੰਪਰਾ ਜੈਨ ਧਰਮ ਤੇ ਸੰਸਕ੍ਰਿਤੀ ਦਾ ਮੂਲ ਅਧਾਰ ਹੈ ਜੈਨ ਧਰਮ ਵਿਚ ਇਕ ਮਨੁੱਖ ਨੂੰ ਆਮ ਦੇਵਤਿਆਂ ਤੋਂ ਉਪਰ ਆਖਿਆ ਗਿਆ ਹੈ । ਕਿਉਂਕਿ ਦੇਵਤਾ ਪੱਦ ਵਿਚ ਭੌਤਿਕ ਸਵਰਗ ਦਾ ਸੁੱਖ ਹੈ ਅਤੇ ਨਰਕ ਵਿਚ ਸ਼ਰੀਰਕ ਦੁੱਖ ਹਨ । ਪਰ ਆਤਮਾ ਸੁਖ ਦੁੱਖ ਤੋਂ ਨਿਰਲੇਪ ਹੋ ਕੇ ਪਰਮਾਤਮਾ ਬਨੇ, ਅਜੇਹਾ ਯਤਨ ਹੋਣਾ ਚਾਹੀਦਾ ਹੈ । ਤੀਰਥੰਕਰਾਂ ਦੀ ਪ੍ਰੰਪਰਾ ਸਨਾਤਨ ਹੈ, ਕਿਉਂਕਿ ਆਤਮਾ ਵੀ ਸਨਾਤਨ ਹੈ ਪ੍ਰਮਾਤਮਾ ਵੀ ਸਨਾਤਨ ਹੈ ਅਤੇ ਆਤਮਾ ਨੂੰ ਪ੍ਰਮਾਤਮਾ ਬਨਾਉਣ ਵਾਲੀ ਅਰਿਹੰਤ ਅਵਸਥਾ ਵੀ ਸਨਾਤਨ ਹੈ । ਹਰ ਮਨੁੱਖ ਪਾਪ ਤੋਂ ਨਹੀਂ ਬਚ ਸਕਦਾ । ਸੰਸਾਰ ਰੂਪੀ ਜਨਮ ਮਰਨ ਦੀ ਪ੍ਰੰਪਰਾ ਖਤਮ ਕਰਨ ਵਿਚ ਤੀਰਥੰਕਰ ਧਰਮ ਉਪਦੇਸ਼ ਦੇ ਕੇ ਸਾਡਾ ਉਪਕਾਰ ਕਰਦੇ ਹਨ । ਖੁੱਦ ਪ੍ਰਮਾਤਮਾ ਬਨਦੇ ਹਨ ਅਤੇ ਸਾਡੀ ਆਤਮਾ ਨੂੰ ਪ੍ਰਮਾਤਮਾ ਬਨਾਉਣ ਵਿਚ ਸਹਾਇਕ ਬਨਦੇ ਹਨ । ਇਸੇ ਲਈ ਤੀਰਥੰਕਰ ਪੂਜਾ ਯੋਗ ਹਨ।

## ਪ੍ਰਸਿੱਧ ਇਤਿਹਾਸਿਕ ਤੀਰਥੰਕਰ

ਇਕ ਸਮਾਂ ਸੀ, ਜਦੋਂ ਜੈਨ ਧਰਮ ਨੂੰ ਬੁੱਧ ਧਰਮ ਦੀ ਸ਼ਾਖਾ ਸਮਝਿਆ ਜਾਂਦਾ ਸੀ । ਉਹਦਾ ਕਾਰਣ ਕੁਝ ਸਾਂਝੇ ਪਰਿਭਾਸ਼ਿਕ ਸ਼ਬਦ ਸਨ ਅਤੇ ਦੂਸਰਾ ਕਾਰਣ ਜੈਨ ਸ਼ਾਸਤਰਾਂ ਦਾ ਅਧਿਐਨ ਨਾ ਕਰਨਾ ਸੀ । ਸਤਿਆਰਥ ਪ੍ਰਕਾਸ਼ ਵਿਚ ਜੈਨ ਤੇ ਬੁੱਧ ਨੂੰ ਸਵਾਮੀ

ਦਯਾਨੰਦ ਸਰਸਵਤੀ ਨੇ ਇਤ ਲਿਖ ਦਿੱਤਾ ਹੈ। ਹੁਣ ਇਸ ਵਿਸ਼ੇ ਤੇ ਕਾਫੀ ਖੋਜ ਹੋ ਚੁਕੀ ਹੈ। ਅੰਗਰੇਜਾਂ ਨੇ ਤੁਲਨਾਤਮਕ ਅਧਿਐਨ ਦੀ ਨਵੀਂ ਪ੍ਰੰਪਰਾ ਨੂੰ ਜਨਮ ਦਿੱਤਾ। ਪੁਰਾ-ਤੱਤਵ ਚਿੰਨ ਸਾਮਣੇ ਆਏ, ਤਾਂ ਇਹ ਭਰਮ ਬਿਲਕੁਲ ਖਤਮ ਹੋ ਚੁੱਕੇ ਹਨ। ਇਨ੍ਹਾਂ ਭਰਮਾਂ ਨੂੰ ਖਤਮ ਕਰਨ ਵਿਚ ਜਰਮਨ ਵਿਦਵਾਨ ਡਾਕਟਰ ਹਰਮਨ ਜੇਕੋਵੀ ਡਾਕਟਰ ਸ਼ਾਰਪੇਟਰ ਡਾ. ਗੇਰਿਨੇਟ ਜੇਹੇ ਵਿਦਵਾਨਾਂ ਦਾ ਪ੍ਰਮੁੱਖ ਹੱਥ ਹੈ। ਇਨ੍ਹਾਂ ਵਿਦਵਾਨਾਂ ਨੇ ਜੈਨ ਗ੍ਰੰਥਾਂ ਤੇ ਬਹੁਤ ਹੀ ਸ਼ੋਧ ਪੂਰਣ ਕਮ ਕੀਤਾ ਹੈ।

ਭਾਰਤ ਵਿੱਚ ਵੀ ਬਾਲ ਗੰਗਾਧਰ ਤਿਲਕ ਅਤੇ ਸਰ ਡਾਕਟਰ ਰਾਧਾ ਕ੍ਰਿਸ਼ਨ ਨੇ ਜੈਨ ਧਰਮ ਦੀ ਪ੍ਰਾਚੀਨਤਾ ਨੂੰ ਵੇਦਾਂ ਦੇ ਅਧਾਰ ਤੇ ਸਵੀਕਾਰ ਕੀਤਾ ਹੈ। ਡਾ. ਰਾਧਾ ਕ੍ਰਿਸ਼ਨ ਆਖਦੇ ਹਨ—

"ਜੈਨ ਪ੍ਰੰਪਰਾ ਰਿਸ਼ਵਦੇਵ ਤੋਂ ਅਪਣੀ ਉਤਪਤੀ ਮਨਦੀ ਹੈ। ਜਿਨ੍ਹਾਂ ਨੂੰ ਹੋਇਆਂ ਸੈਂਕੜੇ ਸਦੀਆਂ ਵੀਤ ਚੁਕੀਆਂ ਹਨ। ਇਸ ਗੱਲ ਦੇ ਪ੍ਰਮਾਣ ਈਸਾ ਦੀ ਪਹਿਲੀ ਸਦੀ ਵਿਚ ਮਿਲਦੇ ਹਨ ਕਿ ਤੀਰਥੰਕਰ ਰਿਸ਼ਵਦੇਵ ਦੀ ਪੂਜਾ ਹੁੰਦੀ ਸੀ। ਇਸ ਵਿਚ ਕੋਈ ਸ਼ਕ ਨਹੀਂ ਕਿ ਜੈਨ ਧਰਮ ਵਰਧਮਾਨ ਤੇ ਪਾਰਸ਼ ਨਾਥ ਤੋਂ ਪਹਿਲਾਂ ਚਾਲੂ ਸੀ। ਯਜਰਵੇਦ ਵਿਚ ਰਿਸ਼ਵਦੇਵ, ਅਜਿਤਨਾਥ ਅਤੇ ਅਰਿਸ਼ਟ ਨੇਮੀ ਆਦਿ ਤਿੰਨ ਤੀਰਥੰਕਰਾ ਦੇ ਨਾਂ ਵਲ ਇਸ਼ਾਰਾ ਪ੍ਰਾਪਤ ਹੁੰਦਾ ਹੈ। ਭਾਗਵਤ ਪੁਰਾਣ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਰਿਸ਼ਵ ਦੇਵ ਹੀ ਜੈਨ ਧਰਮ ਦੇ ਸੰਸਥਾਪਤ ਸਨ। ਹਿੰਦੂ ਪੁਰਾਣਾਂ ਵਿਚ ਭਗਵਾਨ ਰਿਸ਼ਵਦੇਵ ਦਾ ਉਸੇ ਪ੍ਰਕਾਰ ਜਿਕਰ ਹੈ ਜਿਸ ਤਰ੍ਹਾਂ ਦਾ ਜੈਨ ਗ੍ਰੰਥਾਂ ਵਿਚ ਹੈ। ਜੈਨ ਪ੍ਰੰਪਰਾ ਦ ਮਾਨਯੋਗ ਅਰਿਹੰਤ, ਸ਼੍ਰਮਣ, ਅਰਹਨ ਸ਼ਬਦ ਵੇਦ, ਉਪਨਿਸ਼ਧ, ਪੁਰਾਣ ਵਿਚ ਵੇਖੇ ਜਾ ਸਕਦੇ ਹਨ, ਪੁਰਾਣਾਂ ਨੇ ਮਨਿਆ ਹੈ ਕਿ ਜੈਨ ਧਰਮ ਦ ਪਹਿਲੇ ਤੀਰਥੰਕਰ ਰਿਸ਼ਵਦੇਵ ਦੇ ਪੁੱਤਰ ਚਕਰਵਰਤੀ ਭਰਤ ਦੇ ਨਾਂ ਤੇ ਇਸ ਦੇਸ਼ ਦਾ ਨਾਂ ਭਰਤ ਪਿਆ। 20ਵੇਂ ਤੀਰਥੰਕਰ ਮੁਨੀ ਸੁਵਰਤ ਰਮਾਇਣ ਦੇ ਪਾਤਰ ਸ੍ਰੀ ਰਾਮ ਦੇ ਸਮਕਾਲੀ ਸਨ। 22ਵੇਂ ਤੀਰਥੰਕਰ ਸ੍ਰੀ ਨੇਮੀ ਨਾਥ ਸ੍ਰੀ ਕ੍ਰਿਸ਼ਨ ਦੇ ਸਮਕਾਲੀ ਸਨ। 23ਵੇਂ ਤੀਰਥੰਕਰ ਸ੍ਰੀ ਪਾਰਸ਼ਵ ਨਾਥ ਦਾ ਜਨਮ ਭਗਵਾਨ ਮਹਾਵੀਰ ਤੋਂ 250 ਸਾਲ ਪਹਿਲਾਂ ਬਾਰਾਣਸੀ ਵਿਖੇ ਮਾਤਾ ਵਾਮਾ ਦੇਵੀ ਤੇ ਰਾਜਾ ਅਸ਼ਵਸੈਨ ਦੇ ਘਰ ਹੋਇਆ। ਭਗਵਾਨ ਮਹਾਵੀਰ ਦੇ ਮਾਤਾ-ਪਿਤਾ ਭਗਵਾਨ ਪਾਰਸ਼ ਨਾਥ ਦੀ ਪ੍ਰੰਪਰਾ ਦੇ ਉਪਾਸਕ ਸਨ। ਅਜੇਹਾ ਪੁਰਾਤਨ ਜੈਨ ਗ੍ਰੰਥ ਅਚਾਰਾਂਗ ਸੂਤਰ ਵਿਚ ਲਿਖਿਆ ਹੈ। ਬੁੱਧ ਗ੍ਰੰਥ ਵਿਚ ਭਗਵਾਨ ਪਾਰਸ਼ ਨਾਥ ਦੇ ਮੱਤ ਨੂੰ ਚਤੁਰਯਾਮ ਆਖਿਆ ਗਿਆ ਹੈ ਭਗਵਾਨ ਅਜਿਤ ਨਾਥ ਦੂਸਰੇ ਤੀਰਥੰਕਰ ਤੋਂ ਲੈ ਕੇ 23ਵੇਂ ਸ੍ਰੀ ਪਾਰਸ਼ਵਨਾਥ ਦੇ ਸਾਧੂ 5 ਮਹਾਵਰਤਾਂ ਦੀ ਥਾਂ 4 ਵਰਤ ਪਾਲਦੇ ਸਨ। ਇਸ ਤੀਰਥੰਕਰ ਪ੍ਰੰਪਰਾ ਸਾਧੂ ਦੇ ਬ੍ਰਹਮਚਰਜ ਵਰਤ ਨੂੰ ਅਪਰਿਗ੍ਰਹਿ ਵਿਚ ਸ਼ਾਮਲ ਕਰਦੇ ਸਨ।

ਪਰ ਸ੍ਰੀ ਰਿਸ਼ਵਦੇਵ ਅਤੇ ਵਰਧਮਾਨ ਮਹਾਵੀਰ ਨੇ ਇਹ ਵਰਤ ਨੂੰ ਅੱਡ ਕਰਕੇ 5 ਮਹਾਵਰਤਾਂ ਦਾ ਰੂਪ ਦਿਤਾ। ਜਿਵੇਂ ਭਗਵਾਨ ਮਲੀਨਾਥ ਇਸਤਰੀ ਤੀਰਥੰਕਰ ਸਨ। ਜੈਨ ਧਰਮ ਦੇ ਦਿਗੰਵਰ ਫਿਰਕੇ ਵਿਚ ਆਪਨੂੰ ਪੁਰਸ਼ ਮਨਿਆ ਜਾਂਦਾ ਹੈ। ਆਪਦਾ ਵਿਸਥਾਰ ਨਾਲ ਵਰਨਣ ਜੈਨਾਗਮ ਗਿਆਤਾ ਧਰਮ ਕਥਾਂਗ ਵਿਚ ਆਉਂਦਾ ਹੈ।

ਜੈਨ ਤੀਰਥੰਕਰਾਂ ਦੇ ਉਪਦੇਸ਼ ਨੇ ਹਰ ਧਰਮ ਨੂੰ ਪ੍ਰਭਾਵਿਤ ਕੀਤਾ ਹੈ। ਹਿੰਦੂ ਧਰਮ ਵਿਚ ਅਵਤਾਰ ਵਾਦ, ਬੁੱਧ ਧਰਮ ਵਿਚ ਬੁੱਧ ਦੇ ਪਿਛਲੇ ਜਨਮਾਂ ਦਾ ਵਰਨਣ ਤੀਰਥੰਕਰ ਪ੍ਰੰਪਰਾ ਤੋਂ ਕਾਫ਼ੀ ਪ੍ਰਭਾਵਿਤ ਹੈ। ਬੁੱਧ ਗ੍ਰੰਥਾਂ ਵਿਚ ਭਗਵਾਨ ਮਹਾਵੀਰ ਨੂੰ ਨਿਰਗ੍ਰੰਥ ਗਿਆਤਾ ਪੁੱਤਰ ਦੇ ਨਾਂ ਨਾਲ ਸੰਬੋਧਨ ਕੀਤਾ ਗਿਆ ਹੈ। ਨਿਰਗ੍ਰੰਥ ਤੋਂ ਭਾਵ ਜੈਨ ਸਾਧੂ ਹੈ। ਗਿਆਤਾ ਪੁੱਤਰ ਭਗਵਾਨ ਮਹਾਵੀਰ ਨਾਂ ਹੈ। ਲਿਛਵੀਂ ਕੁੱਲ ਦੀ ਗਿਆਤ ਜਾਤ ਵਿਚ ਹੀ ਭਗਵਾਨ ਮਹਾਵੀਰ ਦਾ ਜਨਮ ਹੋਇਆ ਸੀ। ਉਪਨਿਸ਼ਧ ਤੇ ਗੀਤਾ, ਜੈਨ ਧਰਮ ਤੋਂ ਕਾਫ਼ੀ ਪ੍ਰਭਾਵਿਤ ਹਨ। ਧੱਮਪਦ ਗ੍ਰੰਥ ਤਾਂ ਮਹਾਵੀਰ ਦੀ ਆਖਰੀ ਉਪਦੇਸ਼। ਸ੍ਰੀ ਉਤਰਾਧਿਐਨ ਸੂਤਰ ਤੋਂ ਕਾਫ਼ੀ ਪ੍ਰਭਾਵਿਤ ਹੈ। ਜੈਨ ਪ੍ਰੰਪਰਾ ਦੀ ਮੁੱਕਤੀ ਸੰਬੰਧੀ ਮਾਨਤਾ ਤੋਂ ਉਪਨਿਸ਼ਧ, ਸਾਂਖਯ ਤੇ ਬੁੱਧ ਦਰਸ਼ਨ ਪ੍ਰਭਾਵਿਤ ਨਜ਼ਰ ਆਉਂਦੇ ਹਨ। ਇਥੇ ਇਹ ਗੱਲ ਜਾਨਣ ਯੋਗ ਹੈ ਕਿ ਸਾਰੇ ਤੀਰਥੰਕਰ ਇਕ ਤਰ੍ਹਾਂ ਦਾ ਹੀ ਉਪਦੇਸ਼ ਦਿੰਦੇ ਹਨ। ਤੀਰਥੰਕਰ ਪ੍ਰੰਪਰਾ ਦੀ ਤਰ੍ਹਾਂ ਉਨ੍ਹਾਂ ਦਾ ਉਪਦੇਸ਼ ਵੀ ਸਨਾਤਨ ਹੈ।

ਜੈਨ ਤੀਰਥੰਕਰਾਂ ਵਾਰੇ ਇਤਿਹਾਸਕਾਰਾਂ ਨੇ ਇਕ ਨਿਰਣਾ ਇਹ ਸਥਾਪਿਤ ਕੀਤਾ ਹੈ ਕਿ ਪਹਿਲੇ 22 ਤੀਰਥੰਕਰ ਪ੍ਰਾਗਇਤਿਹਾਸਕ ਹਨ ਭਾਵ ਇਤਿਹਾਸ ਦੇ ਸਨ, ਸੰਮਤ ਦੀ ਹੋਂਦ ਵਿਚ ਨਹੀਂ ਆਉਂਦੇ। ਪਰ ਦੋ ਤੀਰਥੰਕਰ ਇਤਿਹਾਸਕ ਹਨ। ਇਤਿਹਾਸਕਾਰਾਂ ਦੀ ਸੋਚਨੀ ਕਿਸੇ ਵੀ ਧਰਮ ਪ੍ਰੰਪਰਾ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ। ਇਤਿਹਾਸ ਹਮੇਸ਼ਾ ਸਬੂਤਾਂ ਤੇ ਅਧਾਰਿਤ ਹੈ। ਪਰ ਤੀਰਥੰਕਰਾ ਦਾ ਆਪਸੀ ਫ਼ਾਸਲਾ ਕਰੋੜਾਂ ਸਾਲਾਂ ਦਾ ਹੈ ਇੰਨੇ ਪੁਰਾਣੇ ਸਬੂਤ ਕੋਈ ਧਰਮ ਪ੍ਰੰਪਰਾ ਨਹੀਂ ਜੁਟਾ ਸਕਦੀ। ਸਬਤ ਦੀ ਅਣਹੋਂਦ ਕਾਰਣ ਕਿਸੇ ਮਨੁੱਖ ਦੀ ਪੈਦਾਇਸ਼ ਨੂੰ ਨਾ ਮਨਣਾ ਗਲਤ ਹੈ। ਦੂਸਰੇ ਸਾਡੇ ਇਤਿਹਾਸਕਾਰ ਜੈਨ ਪ੍ਰੰਪਰਾ ਦੇ ਗ੍ਰੰਥਾਂ ਨੂੰ ਛੱਡ ਕੇ ਹਿੰਦੂ ਤੇ ਬੁੱਧ ਗ੍ਰੰਥਾਂ ਵਿਚੋਂ ਤੀਰਥੰਕਰਾਂ ਵਾਰੇ ਸਾਮਗਰੀ ਭਾਲਦੇ ਹਨ, ਜੋ ਕਿ ਜੈਨ ਧਰਮ ਨਾਲ ਬੇਇਨਸਾਫ਼ੀ ਹੈ ਕਿ ਈਸਾਈ ਧਰਮ ਵਾਰੇ ਬਾਈਵਲ ਤੋਂ ਬਾਹਰ ਸ਼ੋਧ, ਈਸਾਈਅਤ ਨਾਲ ਨਿਆਂ ਨਹੀਂ ਆਖਿਆ ਜਾ ਸਕਦਾ। ਪਰ ਇਤਿਹਾਸ-ਕਾਰ ਸਿਰਫ਼ ਮਹਾਨ ਪ੍ਰੰਪਰਾਂ ਵਾਲੇ ਧਰਮ ਨੂੰ ਛੋਟਾ ਵਿਖਾਉਣ ਦੀ ਹਾਸੋਹੀਣ ਸਾਜਿਸ਼ ਕਰਦੇ ਹਨ। ਸੋ ਤੀਰਥੰਕਰਾਂ ਵਾਰੇ ਸਬੂਤ ਜੈਨ ਗ੍ਰੰਥਾਂ ਦੇ ਅਧਿਐਨ ਨਾਲ ਮਿਲ ਸਕਦੇ ਹਨ ਹੋਰ ਧਰਮ ਗ੍ਰੰਥਾਂ ਤੋਂ ਨਹੀਂ। ਹਿੰਦੂ ਗ੍ਰੰਥਾਂ ਵਿੱਚ ਭਗਵਾਨ ਮਹਾਵੀਰ ਦਾ ਜਿਕਰ ਨਹੀਂ ਮਿਲਦਾ। ਜਦ ਕਿ ਇਨ੍ਹਾਂ ਗ੍ਰੰਥਾਂ ਵਿਚ ਜੈਨ ਧਰਮ ਦਾ ਜਿਕਰ ਹੈ। ਇਸਦਾ ਕਾਰਣ ਹੈ ਕਿ ਜੈਨ ਧਰਮ ਨੇ ਵੇਦ, ਬ੍ਰਾਹਮਣ ਵਾਦ, ਪਸ਼ੂ ਬਲੀ, ਯੱਗਾਂ ਦਾ ਵਿਰੋਧ ਕੀਤਾ ਹੈ। ਜਿਸ

ਸਿਟੇ ਵਜੋਂ ਜੈਨ ਧਰਮ ਨਾਸਤਿਕ ਸ਼੍ਰੇਣੀਆਂ ਵਿਚ ਮਨਿਆ ਜਾਨ ਲਗਾ।

## ਸ਼੍ਰੀ ਰਿਸ਼ਵਦੇਵ ਜੀ

ਆਪ ਪਹਿਲੇ ਤੀਰਥੰਕਰ ਸਨ ਆਪ ਤੋਂ ਪਹਿਲਾਂ ਦਾ ਮਨੁੱਖ ਕੁੱਦਰਤੀ ਜੀਵਨ ਜਿਉਂਦਾ ਸੀ। ਕਲਪ ਬਿਰਖ ਹੀ ਉਸਦੀਆਂ ਸਾਰੀਆਂ ਜਰੂਰਤਾਂ ਪੂਰੀਆਂ ਕਰਦੇ ਸਨ। ਪਰ ਸਮਾਂ ਪੈਣ ਤੇ ਕਲਪ ਬ੍ਰਿਖ ਖਤਮ ਹੋਣ ਲਗ ਪਏ। ਮਨੁੱਖ ਭੋਜਨ ਦੀ ਤਲਾਸ਼ ਵਿਚ ਜਦ ਘੁਮ ਰਿਹਾ ਸੀ ਤਾਂ ਮਨੁੱਖ ਨੂੰ ਖੇਤੀ, ਲਿਖਾਈ ਅਤੇ ਹਥਿਆਰ ਆਦਿ ਦੀ ਸਿਖਿਆ ਦੇਣ ਵਾਲੇ ਪ੍ਰਜਾਪਤਿ, ਆਦਿ ਬ੍ਰਹਮਾ ਭਗਵਾਨ ਰਿਸ਼ਵਦੇਵ ਦਾ ਜਨਮ ਅਯੋਧਿਆ (ਵਿਨਿਤਾ) ਵਿਖੇ ਰਾਜਾ ਨਾਭੀ ਦੀ ਮਹਾਰਾਨੀ ਮਰੂਦੇਵੀ ਦੀ ਕੁਖੋਂ ਹੋਇਆ। ਭਗਵਾਨ ਰਿਸ਼ਵਦੇਵ ਦੇ ਸਮੇਂ, ਉਮਰਾਂ ਬਹੁਤ ਲੰਬੀਆਂ ਸਨ। ਆਪਨੇ ਪੁਰਸ਼ਾਂ ਲਈ 72 ਅਤੇ ਇਸਤਰੀਆਂ ਲਈ 64 ਕਲਾਵਾਂ ਪ੍ਰਦਾਨ ਕੀਤੀਆਂ, ਜੈਨ ਇਤਿਹਾਸ ਅਨੁਸਾਰ ਆਪ ਪਹਿਲੇ ਤੀਰਥੰਕਰ ਅਤੇ ਰਾਜੇ ਸਨ। ਆਪ ਦੇ ਭਰਤ, ਬਾਹੂਬਲੀ ਸਮੇਤ 100 ਪੁੱਤਰ ਸਨ। ਬ੍ਰਾਹਮੀ ਤੇ ਸੁੰਦਰੀ ਦੋ ਪੁਤਰੀਆਂ ਸਨ। ਆਪਦੀ ਦੋ ਰਾਣੀਆਂ ਸਨ, ਸੁਨੰਦਾ ਤੇ ਯਸ਼ੋਮਤੀ। ਆਪਨੇ ਲੋਕਾਂ ਨੂੰ ਖੇਤੀ ਕਰਨਾ, ਹਥਿਆਰ ਚਲਾਉਣਾ ਤੇ ਲਿਖਣਾ ਸਿਖਾਇਆ।

ਕਾਫੀ ਸਮਾਂ ਆਪਨੇ ਸਮਾਜ ਨੂੰ ਨਵਾਂ ਜੀਵਨ ਦੇਣ ਤੇ ਲਗਾਇਆ। ਆਪਨੇ ਲੋਕਾਂ ਨੂੰ ਅਹਿੰਸਕ ਕੀਤਿਆਂ ਰਾਹੀਂ ਚਲਣ ਦਾ ਉਪਦੇਸ਼ ਦਿੱਤਾ। ਆਪਨੇ ਅਪਣੀ ਪੁੱਤਰੀ ਬ੍ਰਾਹਮੀ ਨੂੰ ਲਿਪਿ ਗਿਆਨ ਅਤੇ ਸੁੰਦਰੀ ਨੂੰ ਗਣਿਤ ਦਾ ਗਿਆਨ ਦਿੱਤਾ।

ਆਖਰ ਆਪਨੇ ਸੰਸਾਰ ਛੱਡਨ ਦਾ ਫੈਸਲਾ ਕੀਤਾ। ਆਪਨੇ ਸਾਰਾ ਰਾਜ 100 ਪੁੱਤਰਾਂ ਵਿਚ ਵੰਡ ਦਿੱਤਾ। 98 ਪੁੱਤਰ ਅਤੇ ਦੋਵੇਂ ਪੁਤਰੀਆਂ ਨੇ ਭਗਵਾਨ ਰਿਸ਼ਵਦੇਵ ਨਾਲ ਹੀ ਸਾਧੂ ਜੀਵਨ ਗ੍ਰਹਿਣ ਕਰ ਲਿਆ। ਭਰਤ ਨੇ ਚਕਰਵਰਤੀ ਬਣਕੇ ਸੰਸਾਰ ਤੇ ਜਿੱਤ ਹਾਸਲ ਕੀਤੀ। ਬਾਹੁਬਲੀ ਤਕਸ਼ਿਲਾ ਦਾ ਰਾਜਾ ਸੀ। ਉਸਨੇ ਅਪਣੇ ਭਰਾ ਦੀ ਅਧੀਨਤਾ ਸਵੀਕਾਰ ਨਾ ਕੀਤੀ। ਸਿੱਟੇ ਵਜੋਂ ਭਰਤ ਨੇ ਤਕਸ਼ਿਲਾ ਤੇ ਹਮਲਾ ਕਰ ਦਿੱਤਾ। ਪਰ ਦੋਵੇਂ ਪਾਸੇ ਦੇ ਸਮਝਦਾਰ ਮੰਤਰੀਆਂ ਨੇ ਬੇਕਾਰ ਖੂੰਨ ਬਹਾਉਣ ਤੋਂ ਦੋਹਾਂ ਰਾਜੇਆਂ ਨੂੰ ਰੋਕਿਆ। ਦੋਹਾਂ ਨੇ ਆਪਸੀ ਯੁੱਧ ਕੀਤਾ। ਬਾਹੁਵਲੀ ਹਰ ਯੁੱਧ ਵਿਚ ਜਿੱਤਿਆ ਧੋਖੇ ਨਾਲ ਚਕਰ ਨਾਮਕ ਹਥਿਆਰ ਭਰਤ ਨੇ ਬਾਹੂਬਲੀ ਤੇ ਚਲਾਇਆ। ਪਰ ਇਹ ਹਥਿਆਰ ਬੇਕਾਰ ਸਿੱਧ ਹੋਇਆ। ਬਾਹੁਬਲੀ ਨੂੰ ਪਾਪ ਤੇ ਸਵਾਰਥ ਭਰੇ ਸੰਸਾਰ ਤੋਂ ਨਫਰਤ ਹੋ ਗਈ। ਉਹ ਵੀ ਸਾਧੂ ਬਨ ਕੇ ਮੋਕਸ਼ ਨੂੰ ਪ੍ਰਾਪਤ ਹੋਏ।

ਭਗਵਾਨ ਰਿਸ਼ਵਦੇਵ ਅਤੇ ਭਰਤ ਸੰਬੰਧੀ ਵਰਨਣ ਹਿੰਦੂ ਗ੍ਰੰਥਾਂ ਵਿਚ ਵੀ ਮਿਲਦਾ ਹੈ। ਸਿੰਧ ਘਾਟੀਆਂ ਦੀਆਂ ਕੁਝ ਮੋਹਰਾਂ ਵੀ ਤੀਰਥੰਕਰ ਰਿਸ਼ਵ ਸੰਬੰਧੀ ਸੂਚਨਾਵਾਂ ਪ੍ਰਦਾਨ ਕਰਦੀਆਂ ਹਨ। ਵੇਦ ਵਿੱਚ ਵਾਤਰਸ਼ਨਾ ਮੁਨੀ ਦਾ ਵਰਨਣ, ਵਰਾਤਿਆ ਕਾਂਡ ਜੈਨ ਪ੍ਰੰਪਰਾ ਦੇ ਪੁਰਾਤਨ ਰੂਪ ਹਨ। ਪੁਰਾਣਾਂ ਵਿਚ ਅਸੁਰਾਂ ਨੂੰ ਅਰਹਤ ਉਪਾਸਕ ਕਿਹਾ ਗਿਆ ਹੈ।

ਵਿਦਵਾਨਾਂ ਦੇ ਅਨੁਸਾਰ ਆਰਿਆ ਦੇ ਆਗਮਨ ਤੋਂ ਪਹਿਲਾਂ ਜੋ ਸੰਸਕ੍ਰਿਤੀ ਇਸ ਦੇਸ਼ ਵਿਚ ਵਿਦਮਾਨ ਸੀ, ਉਹ ਸ਼੍ਰਮਣ ਜਾਂ ਜੈਨ ਸੰਸਕ੍ਰਿਤੀ ਸੀ। ਜੈਨ ਤੀਰਥੰਕਰ ਰਾਹੀਂ ਸਥਾਪਿਤ ਧਰਮ ਦੀ ਛਾਪ ਉਸਤੋਂ ਸਾਫ਼ ਨਜਰ ਆਉਂਦੀ ਹੈ। ਵੈਦਿਕ ਲੋਕ ਜਾਤ ਪਾਤ, ਵਰਨ ਵਿਵਸਥਾ ਬਹੁਦੇਵ ਵਾਦ ਯੱਗ ਤੇ ਪਸ਼ੂਬਲੀ ਨੂੰ ਮਨਦੇ ਸਨ। ਜਦ ਕਿ ਮੂਲ ਲੋਕ ਇਹ ਗੱਲਾਂ ਦੇ ਖਿਲਾਫ ਸਨ। ਦਰਾਵਿੜ ਲੋਕ ਵਿਚ ਅੱਜ ਬਹੁਤ ਸਾਰੇ ਜੈਨ ਹਨ। ਦਰਾਵਿੜ ਸੰਘ ਨਾਂ ਮੁਨੀ ਫਿਰਕਾ ਦਖਣ ਭਾਰਤ ਵਿਚ ਅੱਜ ਵੀ ਜੈਨ ਧਰਮ ਦੀ ਪੁਰਾਤਨਤਾ ਦੀ ਗਵਾਹੀ ਭਰਦਾ ਹੈ।

ਸ਼੍ਰੀ ਰਿਸ਼ਵਦੇਵ ਵਾਰੇ ਵਿਸਥਾਰ ਨਾਲ ਮਾਰਕੰਡ ਪੁਰਾਣ (ਅਧਿਐਨ 90) ਕੂਰਮ ਪੁਰਾਣ (41) ਵਾਯੂ ਪੁਰਾਣ (33), ਗਰੁੜ ਪੁਰਾਣ ਅਧਿਐਨ (1), ਬ੍ਰਹਮੰਡ ਪੁਰਾਣ (14) ਵਾਰਾਹ ਪੁਰਾਣ (74) ਲਿੰਗ ਪੁਰਾਣ, (47) ਵਿਸ਼ਨੂੰ ਪੁਰਾਣ (1) ਅਤੇ ਸਕੰਧ ਪੁਰਾਣ ਦੇ ਦੂਸਰਾ ਖੰਡ (37) ਵਿੱਚ ਵਿਸਥਾਰ ਨਾਲ ਆਇਆ ਹੈ। ਸ਼ਿਵ ਪੁਰਾਣ ਵਿਚ ਜੈਨ ਸਾਧੂਆਂ ਦੇ ਚਿੰਨ੍ਹਾਂ ਦਾ ਵਰਨਣ ਹੈ। ਪਦਮ ਪੁਰਾਣ ਵਿੱਚ ਦਿਗੰਵਰ ਪ੍ਰੰਪਰਾ ਵਾਰੇ ਮਿਲਦਾ ਹੈ। ਮਹਾਭਾਰਤ ਦੇ ਸ਼ਾਂਤੀ ਪਰਵ ਵਿਚ ਜੈਨ ਸਿਧਾਂਤਾਂ ਦੀ ਚਰਚਾ ਹੈ। ਰਮਾਇਣ ਵਿੱਚ ਸ਼੍ਰਮਣਾ ਸ਼ਬਦ ਆਇਆ ਹੈ। ਇਹ ਸਾਰੇ ਸ਼੍ਰਮਣ, ਪਰਿਵਰਾਜਕ, ਤੀਰਥੰਕਰ ਪ੍ਰੰਪਰਾ ਨਾਲ ਸੰਬੰਧਿਤ ਸਨ। ਇਹ ਲੋਕ ਵੇਦ ਤੇ ਬ੍ਰਾਹਮਣ ਵਿਰੋਧੀ ਸਨ।

ਸ਼੍ਰੀ ਰਿਸ਼ਵਦੇਵ ਨੂੰ ਬ੍ਰਾਹਮਣ ਪ੍ਰੰਪਰਾ ਨੇ ਵਿਸ਼ਨੂੰ ਦਾ ਅਵਤਾਰ ਮਨਿਆ ਹੈ ਜਿਸ ਵਾਰੇ ਭਵਿਖਵਾਨੀ ਹੈ ਕਿ ਇਹ ਕਲਿਯੁਗ ਵਿੱਚ ਨਾਸਤਕ ਧਰਮ ਦਾ ਪ੍ਰਚਾਰ ਕਰੇਗਾ। ਅਜੇਹੀ ਚਰਚਾ ਭਾਗਵਤ ਤੇ ਸ਼ਿਵ ਪੁਰਾਣਾਂ ਵਿੱਚ ਵੇਖੀ ਜਾ ਸਕਦੀ ਹੈ। ਇੰਨ੍ਹਾਂ ਗੱਲਾਂ ਤੋਂ ਸਿੱਧ ਹੈ ਕਿ ਰਿਸ਼ਵਦੇਵ ਜੀ ਦੀ ਪ੍ਰੰਪਰਾ ਨੇ ਅਪਣੇ ਤੋਂ ਬਾਅਦ ਹੋਣ ਵਾਲੇ ਧਰਮਾਂ ਤੇ ਅਸਰ ਪਾਇਆ ਹੈ। ਭਾਵ ਇਨ੍ਹਾਂ ਵਿਚ ਰਿਸ਼ਵਦੇਵ ਦਾ ਨਾਂ ਆਦਰ ਨਾਲ ਲਿਆ ਗਿਆ ਹੈ ਪਰ ਇਨ੍ਹਾਂ ਗ੍ਰੰਥਾਂ ਨੂੰ ਮਨਣ ਵਾਲੇ ਰਿਸ਼ਵਦੇਵ ਦੀ ਪੂਜਾ ਨਹੀਂ ਕਰਦੇ। ਇਹ ਗੱਲ ਹੀ ਰਿਸ਼ਵ-ਦੇਵ ਦੀ ਲੋਕ ਪ੍ਰਸਿਧੀ ਤੇ ਇਤਿਹਾਸ ਦਾ ਜਿਉਂਦਾ ਪ੍ਰਮਾਣ ਹੈ।

ਭਗਵਾਨ ਰਿਸ਼ਵਦੇਵ ਨੇ ਸਾਰੀ ਦੁਨੀਆਂ ਵਿਚ ਧਰਮ ਪ੍ਰਚਾਰ ਕੀਤਾ ਅਤੇ ਨਿਰਵਾਨ ਸਮੇਂ ਅਸ਼ਟਾਪਦ (ਕੈਲਾਸ਼ ਪਰਵਤ) ਤੇ ਮੁਕਤੀ ਹਾਸਲ ਕੀਤੀ।

## ਭਗਵਾਨ ਸ਼ਾਂਤੀ ਨਾਥ, ਭਗਵਾਨ ਕੁੰਥੁ ਨਾਥ, ਭਗਵਾਨ ਅਰਹਨ ਨਾਥ ਜੀ

ਆਪ ਦਾ ਜਨਮ ਹਸਤਰਪੁਰ ਵਿਖੇ ਹੋਇਆ। ਆਪ ਤੀਰਥੰਕਰ ਬਣਨ ਤੋਂ ਪਹਿਲਾਂ ਚਕਰਵਰਤੀ ਬਨੇ, ਫੇਰ ਰਾਜ ਪਾਟ ਛੱਡ ਕੇ ਲੋਕਾਂ ਨੂੰ ਸਿਧੇ ਰਾਹ ਪਾਇਆ। ਆਪ ਜੀ ਦਾ ਮੁਕਤ ਸਥਾਨ ਸਮੇਤ ਸਿਖਰ ਹੈ। ਆਪ ਦਾ ਸੰਬੰਧ ਪੁਰਾਤਨ ਪੰਜਾਬ ਦੇ ਹਿਸੇ ਕੁਰੂ (ਅੰਬਾਲਾ ਤੇ ਮੇਰਠ) ਨਾਲ ਹੈ। ਇਸੇ ਪ੍ਰਕਾਰ ਸ਼੍ਰੀ ਕੁੰਥੂ ਨਾਥ ਜੀ ਤੇ ਸ਼੍ਰੀ ਅਰਹ ਨਾਥ ਜੀ ਹਸਤਨਾਪੁਰ ਵਾਸੀ ਸਨ।

## ਭਗਵਾਨ ਮੱਲੀ ਨਾਥ

ਸ਼ਵੇਤਾਂਵਰ ਪ੍ਰੰਪਰਾ ਅਨੁਸਾਰ ਆਪ ਇਸਤਰੀ ਤੀਰਥੰਕਰ ਸਨ। ਆਪ ਦੀ ਸ਼ਾਦੀ ਲਈ ਸਵਅੰਬਰ ਰਚਿਆ ਗਿਆ। 500 ਰਾਜੇ ਅਪਣਾ ਭਾਗ ਅਜਮਾਉਣ ਆਏ। ਪਰ ਆਪ ਨਾਲ ਇਹ ਸਾਰੇ ਰਾਜੇ ਸਾਧੂ ਬਣ ਗਏ। ਇਹ ਜੈਨ ਧਰਮ ਦੀ ਮਹਾਨਤਾ ਹੈ, ਕਿ ਇਥੇ ਲਿੰਗ, ਜਾਤ, ਨਸਲ, ਭਾਸ਼ਾ, ਦੇਸ਼ ਦਾ ਕੋਈ ਭੇਦ ਨਹੀਂ। ਇਕ ਇਸਤਰੀ ਤੀਰਥੰਕਰ ਵਰਗੀ ਮਹਤਵ ਪੂਰਸ਼ ਪਦਵੀ ਹਾਸਲ ਕਰਕੇ, ਪੁਰਸ਼ਾਂ ਨੂੰ ਉਪਦੇਸ਼ ਦੇ ਸਕਦੀ ਹੈ। ਇਹ ਇਸ ਗਲ ਦਾ ਪ੍ਰਮਾਣ ਹੈ। ਦਿਗੰਬਰ ਪਰੰਪਰਾ ਇਸ ਕਥਾ ਨੂੰ ਨਹੀਂ ਮਨਦੀ ਅਤੇ ਮੱਲੀ ਨਾਥ ਨੂੰ ਪੁਰਸ਼ ਮਨਦੀ ਹੈ।

## ਭਗਵਾਨ ਮੁਨੀ ਸੁਵਰਤ

ਆਪ ਮਗਧ ਦੇਸ਼ ਦੀ ਰਾਜਧਾਨੀ ਰਾਜਗ੍ਰਿਹਿ ਦੇ ਰਾਜਾ ਸਨ। ਆਪ ਦਾ ਸਮਾਂ ਰਾਮਾਇਣ ਕਾਲ ਦਾ ਹੈ। ਜੈਨ ਰਾਮਾਇਣ ਵਿਚ ਆਪ ਨੂੰ ਸ੍ਰੀ ਰਾਮ ਚੰਦਰ ਜੀ ਸਮਕਾਲੀ ਕਿਹਾ ਗਿਆ ਹੈ।

## ਭਗਵਾਨ ਨੇਮ ਨਾਥ ਜੀ

ਆਪ ਸ੍ਰੀ ਕ੍ਰਿਸ਼ਨ ਦੇ ਚਚੇਰੇ ਭਰਾ ਸਨ। ਆਪ ਦਾ ਜਨਮ ਸਮੁਦਰ ਵਿਜੈ ਰਾਜਾ ਦੀ ਪਤਨੀ ਸ਼ਿਵਾ ਦੇਵੀ ਦੇ ਘਰ ਹੋਇਆ। ਆਪ ਦਾ ਸਮਾ ਵਰਧਮਾਨ ਮਹਾਵੀਰ ਤੋਂ 85000 ਸਾਲ ਪਹਿਲਾਂ ਦਾ ਹੈ। ਆਪ ਦੀ ਮੰਗਨੀ ਰਾਜਾ ਉਗਰਸੇਨ ਦੀ ਪੁਤਰੀ ਨਾਲ ਹੋਈ। ਬਰਾਤ ਆਈ, ਰਾਹ ਵਿਚ ਆਪ ਨੇ ਪਸ਼ੂ ਦੇਖੇ। ਸਾਰਥੀ ਤੋਂ ਪੁਛਨ ਤੇ ਪਤਾ ਲਗਾ— "ਇਹ ਪਸ਼ੂ ਤੁਹਾਡੇ ਵਿਆਹ ਕਾਰਣ ਕੈਦ ਕੀਤੇ ਗਏ ਹਨ। ਬਰਾਤ ਵਿਚ ਮਾਸਾਹਾਰੀ ਬਰਾਤੀਆਂ ਲਈ ਇਹ ਪਸ਼ੂ ਹਨ।" ਸਾਰਥੀ ਦੀ ਗੱਲ ਸੁਣਦੇ ਸਾਰ ਹੀ ਆਪ ਨੇ ਬਰਾਤ ਵਾਪਸ ਮੋੜਨ ਦਾ ਫੈਸਲਾ ਕੀਤਾ। ਆਪ ਨੇ ਗਿਰਨਾਰ ਪਰਬਤ ਤੇ ਜਾ ਕੇ ਤੱਪ ਕੀਤਾ। ਉਸ ਸਮੇਂ ਭਾਰਤ ਵਿਚ ਫੈਲੇ ਮਾਂਸਾਹਾਰ ਪ੍ਰਤਿ ਆਪ ਨੇ ਲੋਕਾਂ ਨੂੰ ਜਾਗਰਤ ਕੀਤਾ। ਲੋਕਾਂ ਨੂੰ ਸ਼ੁਭ (ਆਰਿਆ) ਕਰਮ ਦਾ ਉਪਦੇਸ਼ ਦਿੱਤਾ। ਆਪ ਦੀ ਮੰਗੇਤਰ ਨੇ ਵੀ ਆਪ ਵਾਲਾ ਰਾਹ ਗ੍ਰਹਿਣ ਕਰਕੇ ਮੁਕਤੀ ਹਾਸਲ ਕੀਤੀ। ਪੁਰਾਣੇ ਕਵੀਆਂ ਨੇ ਪੰਜਾਬੀ ਭਾਸ਼ਾ ਵਿਚ ਨੇਮੀ ਰਾਜੁਲ ਵਿਆਹ ਦਾ 12 ਮਾਸਾ ਲਿਖਿਆ ਹੈ, ਜੋ ਜੈਨ ਕਵੀਆਂ ਦੀ ਵਿਰਹ ਰਚਨਾ ਆਖੀ ਜਾ ਸਕਦੀ ਹੈ।

## ਭਗਵਾਨ ਪਾਰਸ਼ਵ ਨਾਥ

ਦੁਨੀਆਂ ਦੇ ਖੋਜੀ ਇਤਿਹਾਸਕਾਰ 23ਵੇਂ ਤੀਰਥੰਕਰ ਭਗਵਾਨ ਪਾਰਸ਼ਵ ਨਾਥ ਤੋਂ ਹੀ ਜੈਨ ਇਤਿਹਾਸ ਸ਼ੁਰੂ ਕਰਦੇ ਹਨ। ਜਰਮਨ ਵਿਦਵਾਨ ਡਾ. ਹਰਮਨ ਜੈਕੋਵੀ ਇਤਿਹਾਸਕ ਮਹਾਪੁਰਸ਼ ਮਨਦੇ ਹਨ। ਆਪ ਦਾ ਜਨਮ 777 ਈ. ਪੂ. ਨੂੰ ਬਾਰਾਨਸੀ ਦੇ ਰਾਜਾ

ਅਸ਼ਵਸੇਨ ਦੀ ਪਤਨੀ ਰਾਣੀ ਵਾਮਾ ਦੇਵੀ ਦੇ ਘਰ ਹੋਇਆ। ਪਾਰਸ਼ ਨਾਥ ਦਾ ਸਮਾਂ ਤਾਪਸੀ ਦਾ ਸਮਾਂ ਸੀ। ਇਹ ਤਾਪਸ ਧੂਨੀਆਂ ਤਪਾਂ ਤੇ ਅਗਿਆਣਤਾ ਪੂਰਨ ਤੱਪ ਕਰਦੇ ਸਨ। ਅਜੇਹੇ ਹੀ ਇਕ ਤੱਪਸਵੀ ਕਮਠ ਸੀ। ਜੋ ਗੰਗਾ ਕਿਨਾਰੇ ਬੈਠਾ ਧੂਨੀ ਤਪਾ ਰਿਹਾ ਸੀ। ਮਾਂ ਪਿਓ ਤੇ ਆਖਣ ਤੇ ਆਪ ਵੀ ਉਸ ਨੂੰ ਮਿਲਨ ਗਏ। ਆਪ ਨੇ ਵੇਖਿਆ ਜਿਸ ਲਕੜੀ ਨੂੰ ਉਹ ਜਲਾ ਰਿਹਾ ਸੀ ਉਸ ਵਿਚ ਨਾਗ ਨਾਗਣੀ ਦਾ ਜੋੜਾ ਜਲ ਰਿਹਾ ਸੀ। ਪਾਰਸ਼ਵ ਨਾਥ ਨੇ ਉਸ ਲਕੜ ਨੂੰ ਕੁਹਾੜੇ ਨਾਲ ਪਾੜ ਕੇ ਜੋਗੀ ਦੇ ਪਾਖੰਡ ਨੂੰ ਜਨਤਾ ਸਾਹਮਣੇ ਪੇਸ਼ ਕੀਤਾ। ਨਾਗ-ਨਾਗਨੀ ਨੂੰ ਨਵਕਾਰ ਮੰਤਰ ਸੁਣਾਇਆ। ਲੱਖ ਕੋਸ਼ਿਸ਼ ਕਰਨ ਤੇ ਵੀ ਉਹ ਨਾਗ ਜਲ ਗਏ। ਮਰਕੇ ਦੋਵੇਂ ਦੇਵਤਾ ਬਣੇ। ਨਾਗ ਨੂੰ ਧਰਨੇਂਦਰ ਅਤੇ ਨਾਗਣੀ ਪਦਮਾਵਤੀ ਦੇਵੀ ਬਨੀ। ਕਮਠ ਵੀ ਦੇਵਤਾ ਬਨਿਆ। ਸ਼ਵੇਤਾਂਵਰ ਪਰੰਪਰਾ ਅਨੁਸਾਰ ਆਪ ਦੀ ਸ਼ਾਦੀ ਪ੍ਰਭਾਵਤੀ ਨਾਲ ਹੋਈ ਜਦ ਤੱਕ ਦਿਗਵੰਰ ਪਰੰਪਰਾ ਅਨੁਸਾਰ ਆਪ ਬ੍ਰਹਮਚਾਰੀ ਸਨ।

ਭਗਵਾਨ ਪਾਰਸ਼ਵਨਾਥ ਨੇ ਘਰ ਵਾਰ ਪਤਨੀ ਦਾ ਮੋਹ ਤਿਆਗ ਕੇ ਸਾਧੂ ਜੀਵਨ ਗ੍ਰਹਿਣ ਕੀਤਾ। ਆਪ ਅਹਿਛੱਤਰਾ ਵਿਖੇ ਤੱਪ ਵਿਚ ਲੀਨ ਸਨ। ਉਸੇ ਸਮੇਂ ਕਮਠ ਦੇਵਤੇ ਨੂੰ ਅਪਨਾ ਪੁਰਾਣਾ ਵੈਰ ਯਾਦ ਆ ਗਿਆ। ਉਸ ਨੇ ਭਗਵਾਨ ਪਾਰਸ਼ਵਨਾਥ ਦੀ ਤਪਸਿੱਆ ਵਿਚ ਵਿਘਨ ਪਾਉਣ ਲਈ 8 ਦਿਨ ਅਪਣੀ ਸ਼ਕਤੀ ਦਾ ਇਸਤੇਮਾਲ ਕੀਤਾ। 8 ਦਿਨ ਖੂਬ ਵਾਰਿਸ਼ ਹੋਈ, ਅਜੇਹੇ ਸਮੇਂ ਧਰਨੇਂਦਰ ਤੇ ਪਦਮਾਵਤੀ ਦੋਹਾਂ ਯਕਸ਼-ਯਕਸ਼ਨੀ ਜੋੜੇ ਨੇ ਭਗਵਾਨ ਦੀ ਤੱਪਸਿਆ ਦੇ ਵਿਘਨ ਨੂੰ ਦੂਰ ਕੀਤਾ। ਪਦਮਾਵਤੀ ਨੇ ਭਗਵਾਨ ਪਾਰਸ਼ ਨਾਥ ਨੂੰ ਪਾਨੀ ਤੋਂ ਉਪਰ ਚੁੱਕ ਕੇ ਹੱਥ ਵਿੱਚ ਗ੍ਰਹਿਣ ਕੀਤਾ। ਧਰਨੇਂਦਰ ਨੇ ਸੱਤ ਫਨਾਂ ਵਾਲਾ ਨਾਗ ਬਣਕੇ ਭਗਵਾਨ ਪਾਰਸ਼ ਨਾਥ ਦੇ ਸਿਰ ਤੇ ਛੱਤਰ ਕੀਤਾ। ਅੱਜ ਵੀ ਪਾਰਸ਼ ਨਾਥ ਦੀ ਮੂਰਤੀ ਸੱਤ ਫਨ ਵਾਲੇ ਸੱਪ ਤੋਂ ਹੀ ਪਹਿਚਾਨੀ ਜਾਂਦੀ ਹੈ।

ਭਗਵਾਨ ਪਾਰਸ਼ ਨਾਥ ਨੇ ਪੂਰਵ ਭਾਰਤ ਤੇ ਉੱਤਰ ਭਾਰਤ ਤੱਕ ਅਪਣੇ ਚਤੁਰ ਯਾਮ ਧਰਮ ਦਾ ਪ੍ਰਚਾਰ ਕੀਤਾ। ਜਿਸ ਚਤੁਰ ਯਾਮ ਧਰਮ ਦਾ ਜਿਕਰ ਬੁੱਧ ਤੇ ਜੈਨ ਦੋਹਾਂ ਗ੍ਰੰਥਾਂ ਵਿਚ ਮਿਲਦਾ ਹੈ। ਭਗਵਾਨ ਪਾਰਸ਼ ਨਾਥ ਦੀ ਉਪਾਸਨਾ ਜੈਨ ਧਰਮ ਵਿਚ ਸਭ ਤੋਂ ਵੱਧ ਕੀਤੀ ਜਾਂਦੀ ਹੈ ਕਈ ਜਗ੍ਹਾ ਪਾਰਸ਼ ਨਾਥ ਲੋਕ ਦੇਵ ਵਲੋਂ ਵੀ ਪੂਜੇ ਜਾਂਦੇ ਹਨ। ਧਿਆਨ ਰਹੇ ਇਸ ਪਾਰਸ਼ ਨਾਥ ਦਾ ਗੋਰਖ ਨਾਥ ਪਰੰਪਰਾ ਨਾਲ ਕੋਈ ਸੰਬੰਧ ਨਹੀਂ ਨਾਂ ਇਕਸਾਰਤਾ ਕਾਰਣ ਕਈ ਨਾਥਾਂ ਦੇ ਨਾਂ ਜੈਨ ਤੀਰਥੰਕਰਾਂ ਵਾਲੇ ਹਨ। ਪਰ ਨਾਥ ਫਿਰਕਾ ਮੱਧਕਾਲੀਨ ਹੈ ਅਤੇ ਇਹ ਹਿੰਦੂ ਧਰਮ ਤੇ ਬੁਧ ਧਰਮ ਦੀ ਤਾਂਤਰਿਕ ਸ਼ਾਖਾ ਦਾ ਸੁਮੇਲ ਹੈ। ਜੈਨ ਧਰਮ ਨਾਲ ਇਨ੍ਹਾਂ ਨਾਥਾਂ ਦਾ ਕੋਈ ਸੰਬੰਧ ਨਹੀਂ। ਕਿਸੇ ਵੀ ਜੈਨ ਗ੍ਰੰਥ ਵਿਚ ਇਨ੍ਹਾਂ ਨਾਥਾਂ ਦਾ ਜਿਕਰ ਨਹੀਂ, ਕਿਉਂਕਿ ਇਹ ਨਾਥ ਫਿਰਕਾ ਮੁਸਲਮਾਨ ਸਮੇਂ ਵਿਚ ਪੰਜਾਬ ਵਿਚ ਪ੍ਰਫੁਲਿਤ ਹੋਇਆ।

100 ਸਾਲ ਦੀ ਉਮਰ ਵਿਚ ਸ੍ਰੀ ਪਾਰਸ਼ ਨਾਥ ਜੀ ਸਮੇਤ ਸ਼ਿਖਰ ਵਿਚ ਮੋਕਸ਼ ਪਧਾਰੇ । ਅੱਜ ਵੀ ਇਸ ਪਹਾੜ ਨੂੰ ਲੋਕ ਪਾਰਸ਼ਵ ਨਾਥ ਹਿਲ (ਪਹਾੜ) ਆਖਦੇ ਹਨ। ਇਹ ਬਿਹਾਰ ਦੇ ਹਜਾਰੀਬਾਗ ਜਿਲੇ ਈਸ਼ਰੀ ਸ਼ਹਿਰ ਤੇ 22 ਕਿਲੋਮੀਟਰ ਜਗ੍ਹਾ ਤੇ ਹੈ। ਭਗਵਾਨ ਪਾਰਸ਼ ਨਾਥ ਨਾਲ ਸੰਬੰਧਿਤ ਮੂਰਤੀਆਂ ਤੇ ਤੀਰਥਾਂ ਦੀ ਗਿਣਤੀ ਸਭ ਤੀਰਥੰਕਰ ਤੋਂ ਜਿਆਦਾ ਹੈ । ਨਵਕਾਰ ਮੰਤਰ ਤੋਂ ਵਾਅਦ ਭਗਵਾਨ ਪਾਰਸ਼ ਨਾਥ ਦੀ ਸਤੁਤੀਆਂ ਦੀ ਗਿਣਤੀ ਸਭ ਤੋਂ ਵੱਧ ਹੈ । ਇਹ ਹਰ ਭਾਸ਼ਾ ਵਿਚ ਮਿਲਦੀਆਂ ਹਨ ।

**ਭਗਵਾਨ ਵਰਧਮਾਨ ਮਹਾਵੀਰ**

24ਵੇਂ ਤੀਰਥੰਕਰ ਵਰਧਮਾਨ ਦਾ ਜਨਮ ਈ: ਪੂ. 599 ਸਾਲ ਪਹਿਲਾਂ ਚੇਤਰ ਸੁਦੀ 13 ਨੂੰ ਖਤਰੀ ਕੁੰਡ ਗ੍ਰਾਮ ਦੇ ਰਾਜੇ ਸਿਧਾਰਥ ਦੀ ਰਾਨੀ ਤ੍ਰਿਸ਼ਲਾ ਦੇ ਘਰ ਹੋਇਆ। ਭਗਵਾਨ ਮਹਾਵੀਰ ਦੇ ਜੀਵਨ ਵਾਰੇ ਇਤਿਹਾਸਕ ਸਾਮਗਰੀ 45 ਆਗਮਾਂ ਵਿਚ ਪ੍ਰਾਪਤ ਹੁੰਦੀ ਹੈ। ਇਸ ਤੋਂ ਛੁਟ ਸ਼ਵੇਤਾਂਵਰ ਤੇ ਦਿਗੰਬਰ ਸਾਹਿਤ ਵਿਚ ਹਜਾਰਾਂ ਸੁਤੰਤਰ ਗ੍ਰੰਥ ਭਗਵਾਨ ਮਹਾਵੀਰ ਦਾ ਜੀਵਨ ਚਾਰਿਤਰ ਦਸਦੇ ਹਨ। ਭਗਵਾਨ ਮਹਾਵੀਰ ਧਾਰਮਿਕ ਜਗਤ ਦੇ ਮਹਾਨ ਕ੍ਰਾਂਤੀਕਾਰੀ ਯੋਧਾ ਸਨ ਜਿਨ੍ਹਾਂ ਅਪਣੇ ਸਮੇਂ ਫੈਲੀਆਂ ਸਾਰੀਆਂ ਬੁਰਾਈਆਂ ਨੂੰ ਇਕ ਵਾਰ ਜੜੋਂ ਪੁਟ ਦਿਤਾ।

ਛੋਟੀ ਉਮਰ ਵਿਚ ਆਪ ਦੀ ਸ਼ਾਦੀ ਕਲਿੰਗਾ ਦੀ ਰਾਜਕੁਮਾਰੀ ਯਸ਼ੋਧਾ ਨਾਲ ਹੋਈ। ਜਿਸਤੋਂ ਆਪ ਦੇ ਇਕ ਪੁਤਰੀ ਪ੍ਰਿਆ ਦਰਸ਼ਨਾ ਪੈਦਾ ਹੋਈ। ਦਿਗੰਬਰ ਪ੍ਰੰਪਰਾ ਮਹਾਵੀਰ ਨੂੰ ਬਾਲ ਬ੍ਰਹਮਚਾਰੀ ਮਨਦੀ ਹੈ । ਆਪ ਬਚਪਨ ਤੋਂ ਹੀ ਬਹਾਦਰ ਸਨ । ਆਪ ਨੇ ਜਾਤ-ਪਾਤ, ਪਸ਼ੂ ਬਲੀ, ਛੂਆਛੂਤ, ਦਾਸ ਪ੍ਰਥਾ, ਅਤੇ ਇਸਤਰੀ ਦੀ ਦੁਰਦਸ਼ਾ ਨੂੰ ਦੂਰੋਂ ਤਕਿਆ ਸੀ । ਆਪ ਘਰ ਵਿਚ ਵੀ ਪਾਣੀ ਦੇ ਕਮਲ ਦੀ ਤਰ੍ਹਾਂ ਨਿਰਲੇਪ ਰਹੇ ।

28 ਸਾਲ ਦੀ ਉਮਰ ਵਿਚ ਆਪਦੇ ਮਾਤਾ ਪਿਤਾ ਸਵਰਗ ਸਿਧਾਰ ਗਏ ।

ਆਪਨੇ ਸਾਧੂ ਬਨਣ ਦੀ ਆਗਿਆ ਬੜੇ ਭਰਾ ਨੰਦੀ ਵਰਧਨ ਤੋਂ ਮੰਗੀ । ਭਾਈ ਦਾ ਹੁੱਕਮ ਮਨ ਕੇ ਦੋ ਸਾਲ ਘਰ ਰਹੇ । ਇਕ ਸਾਲ ਗਰੀਬਾਂ ਨੂੰ ਦਾਨ ਦਿੱਤਾ ।

ਫੇਰ 30 ਸਾਲ ਦੀ ਭਰ ਜਵਾਨੀ ਵਿੱਚ ਰਾਜ ਮਹਿਲ ਦੇ ਸੁੱਖ ਤਿਆਗ ਕੇ ਆਪ ਕਠੋਰ ਤੱਪਸਿਆ ਅਤੇ ਅਪਣੇ ਆਪਨੂੰ ਪਾਉਣ ਲਈ ਚਲ ਪਏ । ਆਪ ਰਾਜਕੁਮਾਰ ਸਨ । ਆਪ ਚਾਹੁੰਦੇ ਤਾਂ ਇਹ ਬੁਰਾਈਆਂ ਰਾਜ ਸੁਖ ਮਾਨਦੇ, ਕਾਨੂੰਨ ਰਾਹੀਂ ਹਟਾ ਸਕਦੇ ਸਨ । ਪਰ ਕਾਨੂੰਨ ਰਾਹੀਂ ਸ਼ਰੀਰ ਨੂੰ ਜਿਤਿਆ ਜਾ ਸਕਦਾ ਹੈ ਆਤਮਾ ਨੂੰ ਨਹੀਂ । ਸੋ ਆਪ ਸਵੈ ਪਹਿਚਾਨ ਹਿੱਤ ਜੰਗਲਾਂ ਨੂੰ ਗਏ ।

12½ ਸਾਲ ਘੋਰ ਤੱਪਸਿਆ ਕੀਤੀ । ਜੈਨ ਅਚਾਰਿਆ ਆਖਦੇ ਹਨ—ਭਗਵਾਨ ਮਹਾਵੀਰ ਦੀ ਸਾਢੇ 12 ਸਾਲ ਦੀ ਤੱਪਸਿਆ ਅਤੇ ਬਾਕੀ 23 ਤੀਰਥੰਕਰਾਂ ਦੀ ਤੱਪਸਿਆ

ਦੇ ਬਰਾਬਰ ਨਹੀਂ। ਇਨ੍ਹਾਂ 12½ ਸਾਲਾਂ ਵਿਚ ਜੰਗਲੀ, ਅਗਿਆਨੀ ਲੋਕਾਂ ਤੇ ਦੇਵਤਿਆਂ ਨੇ ਕਸ਼ਟ ਦਿੱਤੇ। ਕੰਨਾਂ ਵਿਚ ਕੀਲੇ ਠੋਕ ਦਿੱਤੇ, ਪੈਰ ਤੇ ਖੀਰ ਪਕਾਈ, ਕਈ ਵਾਰ ਜਾਸੂਸ ਸਮਝ ਕੇ ਫਾਂਸੀ ਦਿੱਤੀ ਗਈ। ਇੱਕਲਾ ਸੰਗਮ ਦੇਵਤਾ 6 ਮਹੀਨੇ ਭਗਵਾਨ ਮਹਾਵੀਰ ਨੂੰ ਕਸ਼ਟ ਦਿੰਦਾ ਰਿਹਾ, ਮਹਾਵੀਰ ਤਾਂ ਮਹਾਵੀਰ ਸਨ ਖਿਮਾ ਪੁੰਜ ਸਨ। ਉਨ੍ਹਾਂ ਦੀ ਆਤਮਾ ਪ੍ਰਮਾਤਮਾ ਬਨਣ ਦੇ ਰਾਹ ਤੇ ਚਲ ਚੁੱਕੀ ਸੀ। ਸਾਢੇ 42 ਸਾਲ ਦੀ ਉਮਰ ਵਿਚ ਸ਼ਾਮ ਨਾਂ ਦੇ ਜਿਮੀਦਾਰ ਦੇ ਖੇਤ ਵਿਚ ਸ਼ਾਲ ਦਰਖਤ ਹੇਠ, ਜੰਭਿਕ ਪਿੰਡ ਅਤੇ ਰਿਜੂਬਾਲਿਕਾ ਨਦੀ ਦੇ ਕਿਨਾਰੇ ਆਪਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ।

ਆਪਦਾ ਪਹਿਲਾ ਉਪਦੇਸ਼ ਪਾਵਾਪੁਰੀ ਵਿਖੇ ਮਹਾਸੇਨ ਬਗੀਚੇ ਵਿਖੇ ਹੋਇਆ। ਆਪਦੇ ਪਹਿਲੇ ਉਪਦੇਸ਼ ਇੰਦਰਭੂਤੀ ਆਦਿ 4400 ਬ੍ਰਾਹਮਣ ਪਸ਼ੂ ਯੱਗ ਬਲੀ ਛੱਡ ਕੇ ਆਪਦੇ ਸ਼ਿਸ਼ ਹੋ ਗਏ ਸਨ। ਦਿਗੰਵਰ ਪ੍ਰੰਪਰਾ ਅਨੁਸਾਰ ਮਹਾਵੀਰ ਭਗਵਾਨ ਦਾ ਪਹਿਲਾ ਉਪਦੇਸ਼ ਰਾਜਗ੍ਰਿਹਿ ਦੇ ਵਿਪੁਲਾਂਚਲ ਪਹਾੜ ਤੇ ਹੋਇਆ ਸੀ।

ਆਪਨੇ 30 ਸਾਲ ਸਿੰਧ, ਸ਼ੋਵਿਰ, ਅਰਧ ਕੇਕਯ, ਕਾਸ਼ੀ, ਕੌਸ਼ਲ, ਵਿਦੇਹ, ਅੰਗ, ਬੰਗ, ਮਗਧ ਵਿਖੇ ਜੈਨ ਸਿਧਾਂਤਾਂ ਦਾ ਪ੍ਰਚਾਰ ਕੀਤਾ। ਆਪਦੇ ਉਪਦੇਸ਼ ਨੂੰ ਇੰਦਰ ਭੂਤਿ ਗੌਤਮ, ਸੁਧਰਮਾ ਸਵਾਮੀ ਆਦਿ ਨੇ 45 ਆਗਮਾਂ ਵਿੱਚ ਸੰਗ੍ਰਿਹ ਕੀਤੇ। ਭਗਵਾਨ ਮਹਾ-ਵੀਰ ਪੰਜਾਬ ਦੇ ਅਰਧ ਕੇਕਯ, ਸਿੰਧੂ, ਸ਼ੋਭਿਤ ਦੇਸ਼ਾਂ ਵਿਚ ਘੁੰਮੇ। ਆਪ ਹਸਤਨਾਪੁਰ, ਮੋਕਾ (ਮੋਗਾ), ਸਿਆਲਕੋਟ, ਹਸਤਨਾਪੁਰ, ਰੋਹਿਤਕ ਵਿੱਚ ਪਧਾਰੇ ਸਨ। ਅਜੇਹਾ ਜੈਨ ਗ੍ਰੰਥਾਂ ਤੋਂ ਪਤਾ ਲਗਦਾ ਹੈ। ਆਵਸ਼ਕ ਚੂਰਨੀ ਅਨੁਸਾਰ ਆਪ ਥੂਣਾ ਵਰਤਮਾਨ (ਥਾਨੇ ਸ਼ਵਰ) ਵਿੱਚ ਤੱਪ ਸਮੇਂ ਪਧਾਰੇ ਸਨ।

ਭਗਵਾਨ ਮਹਾਵੀਰ ਨੇ ਅਪਣੇ ਸਮੇਂ ਫੈਲੇ ਦਾਰਸ਼ਨਿਕ ਮਤਾਂ ਨੂੰ ਪ੍ਰਭਾਵਿਤ ਕੀਤਾ ਭਗਵਾਨ ਮਹਾਵੀਰ, ਮਹਾਤਮਾ ਬੁੱਧ ਦੇ ਸਮਕਾਲੀ ਸਨ। ਆਜੀਵਕ ਅਚਾਰਿਆ ਗੋਸ਼ਾਲਕ ਪਹਿਲਾ ਆਪਦਾ ਚੇਲਾ ਸੀ। ਆਪਦਾ ਦਮਾਦ ਜਮਾਲੀ ਵੀ ਆਪਦਾ ਚੇਲਾ ਸੀ। ਪਰ ਇਹ ਦੋਵੇ ਵਿਚਾਰਧਾਰਾ ਕਾਰਣ ਅੱਡ-ਅੱਡ ਹੋ ਗਏ। ਭਗਵਾਨ ਮਹਾਵੀਰ ਦੇ ਚੇਲਿਆਂ ਵਿਚ ਹਰ ਵਰਨ, ਜਾਤ, ਨਸਲ ਭਾਸ਼ਾ ਦੇ ਲੋਕ ਸਨ। ਉਨ੍ਹਾਂ ਭਗਵਾਨ ਪਾਰਸ਼ਨਾਥ ਦੇ ਚੇਲਿਆਂ ਨੂੰ ਅਪਣੇ ਵਿਚ ਸ਼ਾਮਲ ਕੀਤਾ।

ਭਗਵਾਨ ਮਹਾਵੀਰ ਜੀ ਦਾ ਨਿਰਵਾਨ ਦੀਵਾਲੀ ਵਾਲੇ ਦਿਨ ਪਾਵਾਪੁਰੀ ਵਿਖੇ ਹੋਇਆ। ਜਿਥੇ ਆਪਦੀ ਯਾਦ ਵਿੱਚ ਜਲ ਮੰਦਰ ਹੈ। ਜੋ ਆਪਦੇ ਭਰਾ ਨੇ ਸ੍ਰੀ ਨੰਦੀ ਵਰਧਨ ਨੇ ਬਨਾਇਆ ਸੀ।

ਭਗਵਾਨ ਮਹਾਵੀਰ ਦੇ ਚੇਲਿਆਂ ਵਿੱਚ ਬੜੇ ਰਾਜੇ ਮਹਾਰਾਜੇ ਤੋਂ ਲੈ ਕੇ ਝੋਪੜੀਆਂ ਤੱਕ ਦੇ ਮਜਦੂਰ ਸ਼ਾਮਲ ਸਨ। ਦਾਸੀ ਚੰਦਨਾ, ਹਰੀ ਕੇਸ਼ੀ ਚੰਡਾਲ, ਮੇਤਾਰਿਆ ਪੁੱਤਰ

ਚੰਡਾਲ, ਆਨੰਦ ਕਿਸਾਨ ਅਰਜਨ ਮਾਲੀ, ਸਧਾਲ ਪੁੱਤਰ ਘੁਮਾਰ, ਜੈਅੰਤੀ ਰਾਜਕੁਮਾਰੀ, ਧੰਨਾ, ਸ਼ਾਲੀਭਦਰ ਜੇਹੇ ਸੇਠ ਅੱਜ ਵੀ ਜੈਨ ਇਤਿਹਾਸ ਦਾ ਅਣਖਿੜਵਾਂ ਅੰਗ ਹਨ।

ਅੱਜ ਦਾ ਜੈਨ ਧਰਮ ਭਗਵਾਨ ਮਹਾਵੀਰ ਦੀ ਦੇਨ ਹੈ ਅਤੇ ਇਸਦਾ ਦਰਸ਼ਨ ਇਕ ਤੀਰਥੰਕਰ ਦੀ ਦੇਣ ਨਹੀਂ, ਸਗੋਂ ਅਨਾਦਿ ਪ੍ਰੰਪਰਾ ਦਾ ਸਿੱਟਾ ਹੈ।

## ਭਗਵਾਨ ਮਹਾਵੀਰ ਦੇ ਸਮੇਂ ਦੇ ਕੁਝ ਪ੍ਰਸਿਧ ਰਾਜੇ ਭਗਤ

ਭਗਵਾਨ ਮਹਾਵੀਰ ਖ਼ੁੱਦ ਰਾਜ ਕੁਮਾਰ ਸਨ। ਵੈਸ਼ਾਲੀ ਦੇ ਗਣਤੰਤਰ ਦੇ ਚੇਟਕ ਰਾਜਾ ਭਗਵਾਨ ਮਹਾਵੀਰ ਦੇ ਨਾਨਾ ਸਨ। ਰਾਜਾ ਚੇਟਕ ਖੁਦ ਮਹਾਵੀਰ ਜੀ ਦਾ ਭਗਤ ਸੀ। ਇਸਤੋਂ ਛੁਟ ਸਿੰਧ ਸੌਵਿਰ ਦਾ ਰਾਜਾ ਉਦਯਨ, ਅੰਵੰਤੀ ਦਾ ਰਾਜਾ ਚੰਡ ਪ੍ਰਦੋਤਕ, ਕੌਸ਼ਾਂਬੀ ਦਾ ਰਾਜਾ ਸ਼ਤਾਨਿਕ, ਮਗਧ ਦਾ ਰਾਜਾ ਕੌਣਿਕ, ਅਜਾਤ ਸ਼ਤਰੂ, ਨਰੇਸ਼ ਬਿੰਬਸਾਰ ਦੇ ਨਾਂ ਮਹਾਵੀਰ ਦੇ ਭਗਤਾਂ ਵਿਚ ਵਰਨਣ ਯੋਗ ਹਨ। ਇਨ੍ਹਾਂ ਰਾਜਿਆਂ ਨੇ ਜੈਨ ਧਰਮ ਦਾ ਪ੍ਰਚਾਰ ਪ੍ਰਸਾਰ ਤਨ ਮਨ ਧਨ ਨਾਲ ਕੀਤਾ।

ਜੈਨ ਗ੍ਰੰਥਾਂ ਵਿਚ ਰਾਜਾ ਸ਼੍ਰੇਣੀਕ ਦਾ ਨਾਂ ਸਭ ਤੋਂ ਵੱਧ ਵਾਰ ਆਇਆ ਹੈ ਜੋ ਮਗਧ ਦਾ ਰਾਜਾ ਸੀ ਅਤੇ ਰਾਜਗ੍ਰਹਿ ਵਿਖੇ ਰਹਿੰਦਾ ਸੀ। ਭਗਵਾਨ ਮਹਾਵੀਰ ਦੇ ਜੀਵਨ ਦਾ ਸਭ ਤੋਂ ਵੱਧ ਸਮਾਂ ਰਾਜਗ੍ਰਹਿ ਵਿਖੇ ਗੁਜ਼ਾਰਿਆ। ਸ਼੍ਰੇਣਿਕ ਦਾ ਸਮਾਂ 601-532 ਈ: ਪੂ. ਹੈ।

ਸ਼੍ਰੇਣਿਕ ਦਾ ਪੁੱਤਰ ਕੌਣਿਕ ਅਜਾਤ ਸ਼ਤਰੂ ਵੀ ਭਗਵਾਨ ਮਹਾਵੀਰ ਦਾ ਬਹੁਤ ਭਗਤ ਸੀ। ਪਰ ਜਦ ਉਸਨੇ ਪਿਤਾ ਨੂੰ ਕੈਦ ਕਰਕੇ ਰਾਜ ਹਾਸਲ ਕੀਤਾ, ਤਾਂ ਉਸ (ਕੌਣਿਕ) ਨੇ ਬੁੱਧ ਧਰਮ ਗ੍ਰਹਿਣ ਕਰ ਲਿਆ। ਕੌਣਿਕ ਨੇ ਜੈਨ ਧਰਮ ਨੂੰ ਮਹਾਵੀਰ ਸਮੇਂ ਹੀ ਨੁਕਸਾਨ ਪਹੁੰਚਾਨਾ ਸ਼ੁਰੂ ਕਰ ਦਿੱਤਾ। ਉਸਨੇ ਅਪਣੇ ਨਾਨਾ ਚੇਟਕ ਦੀ ਵੈਸ਼ਾਲੀ ਨਗਰੀ ਤਬਾਹ ਕਰ ਦਿਤੀ। ਜੈਨ ਇਤਿਹਾਸ ਅਨੁਸਾਰ ਉਸਨੇ ਰਾਜਪਾਟ ਲਈ ਕਰੋੜਾਂ ਮਨੁੱਖਾਂ ਨੂੰ ਬਿਨਾਂ ਕਾਰਣ ਮਾਰ ਦਿੱਤਾ। ਭਗਵਾਨ ਮਹਾਵੀਰ ਦੇ ਵਿਦੇਸ਼ੀ ਭਗਤਾਂ ਵਿਚ ਈਰਾਨ ਦਾ ਸ਼ਹਿਜ਼ਾਦਾ ਆਦਰਕ ਮਸ਼ਹੂਰ ਹੈ।

## ਭਗਵਾਨ ਮਹਾਵੀਰ ਤੋਂ ਬਾਅਦ ਦੇ ਜੈਨ ਰਾਜੇ

ਨੰਦ ਦੇਸ਼ ਇਨ੍ਹਾਂ ਰਾਜਿਆਂ ਵਿੱਚ ਮਗਧ ਦੇ ਨੌ ਨੰਦ ਸ਼ਾਮਲ ਸਨ। ਇਨ੍ਹਾਂ ਦਾ ਸਮਾਂ ਈ-ਪੂ-305 ਹੈ। ਮੌਰੀਆ, ਉਦਾਈ ਤੋਂ ਬਾਅਦ ਨੰਦ ਵੰਸ਼ ਆਇਆ। ਉੜੀਸਾ ਦੇ ਜੈਨ ਰਾਜੇ ਦੇ ਖੰਡਗਿਰੀ ਸ਼ਿਲਾਲੇਖ ਵਿੱਚੋਂ ਪਤਾ ਚਲਦਾ ਹੈ ਕਿ ਨੰਦ ਉੜੀਸਾ ਤੋਂ ਕਲਿੰਗ ਜਿਨ (ਰਿਸ਼ਵਦੇਵ) ਦੀ ਮੂਰਤੀ ਲੈ ਗਏ ਸਨ। ਖਾਰਵੇਲ ਨੇ ਜਦ ਜੈਨ ਧਰਮ ਦੇ ਦੋਖੀ ਬ੍ਰਾਹਮਣ ਰਾਜੇ ਪੁਸ਼ਯਮਿਤਰ ਤੇ ਹਮਲਾ ਕੀਤਾ ਤਾਂ ਉਸੇ ਇਹ ਮੂਰਤੀ ਖਾਰਵੇਲ ਨੂੰ ਤੋਹਫੇ ਵਜੋਂ ਪ੍ਰਦਾਨ ਕੀਤੀ ਖੁਦ ਖਾਰਵੇਲ ਦੀ ਅਧੀਨਤਾ ਸਵੀਕਾਰ ਕੀਤੀ। ਇਹ ਮੂਰਤੀ

300 ਸਾਲ ਨੰਦ ਵੰਸ਼ ਦੇ ਰਾਜਿਆਂ ਕੋਲ ਰਹੀ ਸੀ ।

ਮੌਰਿਆ ਵੰਸ਼ ਦਾ ਸਮਾਂ 320 ਈ.ਪੂ. ਹੈ ਇਸਦੇ ਪਹਿਲੇ ਰਾਜੇ ਚੰਦਰਗੁਪਤ ਮੌਰਿਆ ਜੈਨ ਸਨ ਜਿਨ੍ਹਾਂ ਅਚਾਰਿਆ ਭੱਦਰ ਵਾਹੂ ਤੋਂ ਸਾਧੂ ਜੀਵਨ ਗ੍ਰਹਿਣ ਕਰਕੇ ਦੱਖਣ ਕਰਨਾਟਕ ਦੇ ਸ਼੍ਰਮਣ ਬੇਲਗੋਲਾ ਵਿਚ ਸਵਰਗ ਹਾਸਲ ਕੀਤਾ । ਮੌਰਿਆ ਖਾਨਦਾਨ ਵਿੱਚ ਅਸ਼ੋਕ ਤੋਂ ਛੁਟ ਸਾਰੇ ਜੈਨ ਧਰਮ ਦੇ ਉਪਾਸਕ ਸਨ । ਮੌਰਿਆ ਖਾਨਦਾਨ ਇਤਿਹਾਸ ਦਾ ਸਹੀ ਸੋਮਾ ਹੀ ਜੈਨ ਗ੍ਰੰਥ ਹਨ । ਸੋ ਡਾ.ਸਮਿਥ ਵਰਗੇ ਇਤਿਹਾਸਕਾਰ ਚੰਦਰਗੁਪਤ ਮੌਰਿਆ ਨੂੰ ਜੈਨ ਮਨਦੇ ਹਨ ।

ਅਸ਼ੋਕ ਦੇ ਪੋਤੇ ਰਾਜਾ ਸਮਰਪਤੀ ਨੇ ਜੈਨ ਧਰਮ ਨੂੰ ਵਿਦੇਸ਼ਾਂ ਵਿਚ ਫੈਲਾਇਆ ਉਸਦੇ ਗੁਰੂ ਅਚਾਰਿਆ ਸੁਹਸਤੀ ਸਨ । ਸਮਰਪਤੀ ਰਾਜੇ ਦਾ ਜੈਨ ਧਰਮ ਵਿੱਚ ਉਹ ਹੀ ਸਥਾਨ ਹੈ ਜੋ ਬੁੱਧ ਧਰਮ ਵਿਚ ਅਸ਼ੋਕ ਦਾ ਸੀ ।

## ਉੱਤਰ ਭਾਰਤ ਵਿੱਚ ਜੈਨ ਧਰਮ

ਇਸ ਵਿੱਚ ਵਰਤਮਾਨ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ, ਹਿਮਾਚਲ, ਸਿੰਧ ਦਾ ਇਲਾਕਾ, ਸਿਆਲਕੋਟ ਜੰਮੂ ਖੇਤਰ, ਰਾਜਸਥਾਨ ਦਾ ਗੰਗਾ ਨਗਰ ਇਲਾਕਾ ਸ਼ਾਮਲ ਹੈ । ਪੁਰਾਤਨ ਕਾਲ ਵਿੱਚ ਇਸ ਇਲਾਕੇ ਨੂੰ ਉਤਰਾਪਥ ਆਖਦੇ ਸਨ । ਇਹ ਰਾਹ ਮਥੁਰਾ ਤੋਂ ਗੰਧਾਰ ਤਕ ਦਾ ਵਿਉਪਾਰਿਕ ਰਾਹ ਸੀ । ਹਿਉਨਸਾਂਗ ਸਮੇਂ ਸਮੁੱਚੇ ਉੱਤਰ ਭਾਰਤ ਵਿੱਚ ਜੈਨ ਧਰਮ ਫੈਲਿਆ ਹੋਇਆ ਸੀ । ਭਗਵਾਨ ਮਹਾਵੀਰ ਦੇ ਨਿਰਵਾਨ ਦੇ 500 ਸਾਲ ਤੱਕ ਜੈਨ ਧਰਮ ਖੂਬ ਫਲਿਆ ਫੁਲਿਆ । ਪਰ ਸਤਵੀਂ ਸਦੀ ਵਿੱਚ ਇਸ ਖੇਤਰ ਤੋਂ ਬ੍ਰਾਹਮਣਾਂ ਤੇ ਬੁੱਧਾਂ ਦਾ ਪ੍ਰਭਾਵ ਹੋ ਗਿਆ । ਇਸ ਖੇਤਰ ਵਾਰੇ ਜਾਨਕਾਰੀ ਮਥੁਰਾ ਦੇ ਕੰਕਾਲੀ ਟੀਲੇ ਤੋਂ ਪ੍ਰਾਪਤ ਹੈ । ਹਰ ਮੂਰਤੀ ਦੇ ਸ਼ਿਲਾਲੇਖ 2300 ਸਾਲ ਤਕ ਪੁਰਾਣੇ ਹਨ । ਇਨ੍ਹਾਂ ਸ਼ਿਲਾਲੇਖਾਂ ਤੋਂ ਜੈਨ ਧਰਮ ਦੇ ਜਨ ਧਰਮ ਹੋਣ ਦੀ ਜਾਨਕਾਰੀ ਮਿਲਦੀ ਹੈ । 24 ਤੀਰ-ਥੰਕਰਾਂ ਵਿਚੋਂ 20 ਤੋਂ ਜਿਆਦਾ ਤੀਰਥੰਕਰਾਂ ਦੇ ਜਨਮ ਸਥਾਨ ਉੱਤਰ ਪ੍ਰਦੇਸ਼ ਹੀ ਹੈ । ਸਾਰੇ ਤੀਰਥੰਕਰ ਧਰਮ ਪ੍ਰਚਾਰ ਲਈ ਇਨ੍ਹਾਂ ਇਲਾਕਿਆਂ ਵਿੱਚ ਘੁੰਮੇ ਸਨ । ਭਗਵਾਨ ਮਹਾਵੀਰ ਸਿੰਧ ਸੌਵਿਰ ਦੇ ਰਾਜੇ ਉਦੇਯਨ ਦੀ ਬੇਨਤੀ ਤੋਂ ਰਾਜਸਥਾਨ, ਸਿੰਧ, ਪੰਜਾਬ ਦੇ ਕੁੱਝ ਇਲਾਕਿਆਂ ਵਿਚ ਘੁੰਮੇ ਸਨ ।

## ਉੜੀਆ-ਬੰਗਾਲ ਵਿਚ ਜੈਨ ਧਰਮ—

ਜਿਵੇਂ ਪਹਿਲਾਂ ਲਿਖਿਆ ਗਿਆ ਹੈ ਕਿ ਮਹਾਵੀਰ ਦੀ ਸ਼ਾਦੀ ਕਲਿੰਗਾ ਦੇ ਰਾਜੇ ਸਮਿਤਸੇਨ ਦੀ ਸਪੁਤਰੀ ਯਸ਼ੋਧਾ ਨਾਲ ਹੋਈ ਸੀ । ਉਸ ਪ੍ਰਭਾਵ ਹੇਠ ਉਥੋਂ ਦੇ ਲੋਕ ਜੈਨ ਬਨ ਗਏ ਸਨ । ਕਲਿੰਗਾ ਦੇ ਰਾਜੇ ਖਾਰਵੇਲ ਦਾ ਸਮਾ ਈ. ਪੂ: 174 ਸਾਲ ਹੈ । ਉਸਨੇ ਉੜੀਆ ਵਿਖੇ ਖੰਡਗਿਰੀ ਤੇ ਉਦੇ ਗਿਰੀ ਪਹਾੜਾਂ ਵਿਚ ਜੈਨ ਮੁਨੀਆਂ ਲਈ ਅਨੇਕਾਂ ਗੁਫਾਵਾਂ ਬਨਾਈਆਂ । ਉਸ ਨੇ ਅਪਣੀ ਜਿੱਤ ਦੀ ਖੁਸ਼ੀ ਵਿਚ ਵਿਸ਼ਾਲ ਸ਼ਿਲਾ ਲੇਖ ਖੁਦ-ਵਾਈਆਂ, ਜੋ ਕਿ ਬ੍ਰਹਮੀਲਿਪਿ ਵਿਚ ਇਸ ਰਾਜੇ ਦਾ ਪੂਰਨ ਇਤਿਹਾਸ ਹੈ ।

ਇਹ ਰਾਜਾ 15 ਸਾਲ ਦੀ ਉਮਰ ਵਿਚ ਯੁਵਰਾਜ ਬਣਿਆ। 25 ਸਾਲ ਦੀ ਉਮਰ ਵਿਚ ਰਾਜਾ ਬਨ ਗਿਆ। ਦੂਸਰੇ ਸਾਲ ਇਸ ਨੇ ਸ਼ਾਂਤਕਰਨੀ ਪਛਮ ਵੱਲ ਸੇਨਾ ਭੇਜੀ ਅਤੇ ਪਛਮ ਦੇ ਰਾਜੇ ਅਧੀਨ ਹੋ ਗਏ। ਚੌਥੇ ਸਾਲ ਵਿਚ ਫੇਰ ਬਾਕੀ ਰਹਿੰਦੇ ਰਾਜਿਆਂ ਭੋਜਕਾਂ ਨੂੰ ਜਿਤਿਆ। ਬਾਖਤਰੀ ਦੇ ਯਤਨ ਰਾਜੇ ਦੀ ਸੈਨਾ ਦਾ ਮੂੰਹ ਮੱਧ ਪ੍ਰਦੇਸ਼ ਤੋਂ ਮੋੜਿਆ। ਉਸ ਦਿਸ਼ਾ ਨੂੰ ਭਜਾਇਆ। 12ਵੇਂ ਸਾਲ ਉਸ ਨੇ ਪੰਜਾਬ ਤੇ ਚੜ੍ਹਾਈ ਕੀਤੀ। ਉਸ ਦੀ ਇਹ ਸਭ ਤੋਂ ਲੰਬੀ ਲੜਾਈ ਸੀ ਜਿਸ ਵਿਚ ਉਸ ਨੇ ਉੱਤਰਾ ਪੱਖ ਦੇ ਸਾਰੇ ਰਾਜਿਆਂ ਨੂੰ ਹਰਾ ਦਿਤਾ। ਖਾਰਵੇਲ ਨੇ ਜੈਨ ਧਰਮ ਦੀ ਮਹਾਨ ਸੇਵਾ ਕੀਤੀ। ਜੈਨ ਗ੍ਰੰਥਾਂ ਦੇ ਸੰਪਾਦਨ ਹੇਤੂ ਇਕ ਧਰਮ ਸਮੇਲਨ ਬੁਲਾਇਆ। ਉਸ ਦਾ ਇਹ ਸ਼ਿਲਾਲੇਖ ਧਰਮ ਦੇ ਮੂਲ ਮੰਤਰ, ਨਵਕਾਰ ਦੇ ਪਹਿਲੇ ਦੋ ਪਦਾਂ ਨਾਲ ਸ਼ੁਰੂ ਹੁੰਦਾ ਹੈ। ਜੈਨ ਸੰਘ ਨੇ ਉਸ ਨੂੰ 'ਮਹਾਵਿਜੇਈ' ਖੇਮਰਾਜਾ, ਭਿਖੂ ਰਾਜਾ ਅਤੇ ਧਰਮ ਰਾਜਾ, ਪਦਵੀਆਂ ਨਾਲ ਸਨ-ਮਾਨਿਤ ਕੀਤਾ।

ਉਸ ਸਮੇਂ ਉੜੀਸਾ ਤੇ ਬਿਹਾਰ ਵਿਚ ਜੈਨ ਧਰਮ ਫੈਲ ਚੁੱਕਾ ਸੀ। ਭਗਵਾਨ ਮਹਾਵੀਰ ਤਪਸਿਆ ਦੁਹਰਾਨ (ਪਹਾੜ ਪੁਰ) ਬੰਗਾਲ, ਉੜੀਸਾ ਅਤੇ ਬੰਗਲਾ ਦੇਸ਼ ਘੁਮੇ ਸਨ। ਜੈਨ ਗ੍ਰੰਥਾਂ ਅਨੁਸਾਰ ਇਹ ਅਨਾਰਿਆ ਦੇਸ਼ ਸਨ। ਸੰਨ 629 ਵਿਚ ਹਿਉਨਸਾਂਗ ਨੇ ਵੈਸ਼ਾਲੀ, ਰਾਜਗ੍ਰਹਿ, ਨਾਲੰਦਾ ਅਤ ਪੁਡਰ ਵਰਧਨ ਵਿਚ ਅਨੇਕਾਂ ਜੈਨ ਸਾਧੂ ਤੇ ਪ੍ਰਚਾਰ ਕੇਂਦਰ ਵੇਖੇ ਸਨ।

ਬੰਗਾਲ ਵਿਚ ਅਨੇਕਾਂ ਜੈਨ ਮੰਦਰਾਂ ਦੇ ਖੰਡਰ, ਸ਼ਿਲਾਲੇਖ, ਗੁਫਾਵਾਂ, ਜੈਨ ਧਰਮ ਦੇ ਪ੍ਰਚਾਰ ਦੀ ਗਵਾਹੀ ਦਿੰਦੀਆਂ ਹਨ।

## ਗੁਜਰਾਤ ਵਿਚ ਜੈਨ ਧਰਮ

ਗੁਜਰਾਤ ਵਿਚ ਜੈਨ ਧਰਮ ਤੀਰਥੰਕਰਾਂ ਦੇ ਸਮੇਂ ਤੋਂ ਹੀ ਹੈ। ਪਹਿਲੇ ਤੀਰਥੰਕਰ ਭਗਵਾਨ ਰਿਸ਼ਭ ਦੇਵ ਪਾਲੀਤਾਨਾ ਸ਼ਤਰੂੰਜੇ ਤੀਰਥ ਤੇ 99 ਵਾਰ ਆਏ ਸਨ। ਫੇਰ ਭਗਵਾਨ ਨੇਮੀ ਨਾਥ ਦਾ ਬਹੁਤ ਧਰਮ ਪ੍ਰਚਾਰ ਖੇਤਰ ਗੁਜਰਾਤ ਦਾ ਗਿਰਨਾਰ ਇਲਾਕਾ ਰਿਹਾ ਹੈ। ਜਦੋਂ ਬਿਹਾਰ, ਬੰਗਾਲ ਤੋਂ ਜੈਨੀਆਂ ਨੂੰ ਰਾਜ ਸੁਰਖਿਆ ਨਾ ਮਿਲੀ ਤਾਂ ਜੈਨ ਉਪਾਸਕ ਤੇ ਸਾਧੂ ਗੁਜਰਾਤ ਤੇ ਦਖਣ ਵੱਲ ਗਏ। ਗੁਜਰਾਤ ਦੇ ਬਲਭੀ ਨਗਰੀ ਵਿਚ ਮਹਾਵੀਰ ਨਿਰਵਾਨ ਸੰਮਤ 998 ਨੂੰ ਆਗਮਾਂ ਨੂੰ ਲਿਪੀ ਬੱਧ ਕੀਤਾ ਗਿਆ। ਦਿਗੰਬਰ ਫਿਰਕੇ ਦੇ ਗ੍ਰੰਥਾਂ ਦੀ ਸੰਭਾਲ ਦਾ ਕੰਮ ਵੀ ਗੁਜਰਾਤ ਵਿਚ ਪੂਰਾ ਹੋਇਆ। ਗੁਜਰਾਤ ਦੇ ਅਨੇਕਾਂ ਰਾਜਵੰਸ਼ ਜੈਨ ਸਨ ਪਹਿਲਾਂ ਇਸ ਤੇ ਰਾਸ਼ਟਰਕੂਟ ਵੰਸ਼ ਦੇ ਰਾਜੇ ਅਮੋਘਵਰਸ਼ ਦਾ ਰਾਜ ਸੀ, ਫੇਰ ਗੁਜਰਾਤ ਦੇ ਪਛਮੀ ਚੌਲਾਕਿਆ ਰਾਜਿਆਂ ਦੇ ਹੱਥ ਆ ਗਿਆ। ਉਨ੍ਹਾਂ ਰਾਜਿਆਂ ਨੇ ਜੈਨ ਧਰਮ ਦੀ ਖੂਬ ਸੇਵਾ ਕੀਤੀ। ਇਨ੍ਹਾਂ ਰਾਜਿਆਂ ਵਿਚ ਰਾਜਾ ਕੁਮਾਰ ਪਾਲ ਦਾ ਨਾਂ ਬਹੁਤ ਪ੍ਰਸਿੱਧ ਹੈ। ਇਹ ਆਖਰੀ ਜੈਨ ਰਾਜਾ ਸੀ, ਜਿਸਨੇ ਕਸ਼ਮੀਰ ਤਕ ਦਾ ਇਲਾਕਾ ਜਿਤਿਆ। ਇਸਨੇ ਅਪਣੇ ਗੁਰੂ ਅਚਾਰਆ ਹੇਮ ਚੰਦਰ ਦੀ ਪ੍ਰੇਰਣਾ ਨਾਲ ਅਨੇਕਾਂ ਮੰਦਰ

ਬਣਵਾਏ। ਲੋਕ ਹਿੱਤ ਲਈ ਭਲੇ ਦੇ ਕੰਮ ਕੀਤੇ। ਪੁਰਾਣੇ ਮੰਦਰਾਂ ਦੀ ਮੁਰਮਤ ਤੇ ਤੀਰਥ ਜਾਤਰਾ ਕੀਤੀ। ਇਸਨੇ ਅਪਣੇ ਰਾਜ ਵਿਚ ਮਾਸ, ਸ਼ਰਾਬ ਤੇ ਪੂਰਨ ਪਾਬੰਦੀ ਲਗਾ ਦਿਤੀ। ਬ੍ਰਾਹਮਣਾਂ ਨੂੰ ਯੱਗ, ਅਨਾਜ ਰਾਹੀਂ ਦੇ ਕੇ ਬਲੀ ਕਰਨ ਦੀ ਪ੍ਰੇਰਣਾ ਕੀਤੀ। ਇਸ ਕਾਲ ਵਿਚ ਜੈਨ ਧਰਮ ਦੀ ਸਰਵ ਪੱਖੀ ਤਰੱਕੀ ਹੋਈ। ਜੈਨ ਧਰਮ ਗੁਜਰਾਤ ਦਾ ਰਾਜਧਰਮ ਬਣ ਗਿਆ। ਇਸ ਦੇ ਅਧੀਨ ਪੰਜਾਬ, ਕਸ਼ਮੀਰ ਦੇ ਰਾਜਿਆਂ ਨੇ ਜੈਨ ਧਰਮ ਗ੍ਰਹਿਣ ਕਰ ਲਿਆ।

ਇਸ ਤੋਂ ਪਹਿਲੇ ਸਮੇਂ ਵਿਚ ਵਿਮਲ ਸ਼ਾਹ ਮੰਤਰੀ ਨੇ ਮਾਊਂਟ ਆਬੂ ਤੇ ਸੁੰਦਰ ਮੰਦਿਰ ਬਣਵਾਏ। ਮੰਤਰੀ ਤੇਜਪਾਲ ਤੇ ਵਸਤੂ ਪਾਲ ਨੇ ਅਨੇਕਾਂ ਜੈਨ ਕਲਾਤਮਕ ਮੰਦਰ 13 ਸ਼ਤਾਵਦੀ ਵਿਚ ਬਣਵਾਏ। ਇਨ੍ਹਾਂ ਦੋਹਾਂ ਭਰਾਵਾਂ ਨੇ ਕਈ ਲੜਾਈਆਂ ਲੜੀਆਂ ਕਿਉਂਕਿ ਦੋਵੇਂ ਭਰਾ ਸੈਨਾਪਤੀ ਸਨ।

ਭਗਵਾਨ ਮਹਾਵੀਰ ਤੋਂ 2000 ਸਾਲ ਬਾਅਦ ਬਿਹਾਰ, ਉੜੀਸਾ ਅਤੇ ਗੁਜਰਾਤ ਵਿਚ ਜੈਨ ਧਰਮ ਖੂਬ ਪ੍ਰਭਾਵਿਤ ਹੋਇਆ। ਇਕੱਲੇ ਜੈਨ ਅਚਾਰਿਆ ਸਮਤਭਦਰ ਨੇ ਸਾਰੇ ਭਾਰਤਵਰਸ਼ ਵਿਚ ਦੂਸਰੇ ਧਰਮਾਂ ਵਾਲਿਆਂ ਨਾਲ ਸ਼ਾਸਤਰਾਰਥ ਕਰਕੇ ਜੈਨ ਧਰਮ ਦਾ ਝੰਡਾ ਬੁਲੰਦ ਕੀਤਾ। ਅਨੇਕਾਂ ਸੰਸਕ੍ਰਿਤ ਗ੍ਰੰਥਾਂ ਦੀ ਰਚਨਾ ਕੀਤੀ। ਅਚਾਰਿਆ ਸਮੱਤਭਦਰ ਦਾ ਸਵੇਤਾਂਵਰ ਤੇ ਦਿਗੰਬਰ ਦੋਵੇਂ ਹੀ ਸਨਮਾਨ ਕਰਦੇ ਹਨ। ਇਸ ਰਾਜ ਵਿਚ ਪ੍ਰਸਿਧ ਸਥਾਨਕਵਾਸੀ ਵਿਦਵਾਨ ਲੋਂਕਾਸ਼ਾਹ ਗੁਰੂ ਨਾਨਕ ਦੇਵ ਦਾ ਸਮਕਾਲੀ ਸੀ। ਜਿਨ੍ਹਾਂ ਨੇ ਪਾਖੰਡ ਦੀ ਵਿਰੋਧਤਾ ਕੀਤੀ। ਇਥੇ ਸ੍ਰੀ ਬਲਭ ਵਿਜੈ ਵਰਗੇ ਅਚਾਰਿਆ ਹੋਏ। ਜੋ ਪ੍ਰਸਿਧ ਦੇਸ਼ ਭਗਤ ਤੇ ਸਿੱਖਿਆ ਸ਼ਾਸ਼ਤਰੀ ਸਨ।

## ਰਾਜਸਥਾਨ ਵਿਚ ਜੈਨ ਧਰਮ

ਰਾਜਸਥਾਨ ਵਿਚ ਜੈਨ ਧਰਮ ਦਾ ਬਹੁਤ ਹੀ ਸੁਨੇਹਰਾ ਇਤਿਹਾਸ ਹੈ। ਅਨੇਕਾਂ ਰਾਜੇ, ਮੰਤਰੀ, ਸ਼ਾਹੂਕਾਰਾਂ ਨੇ ਰਾਜਸਥਾਨ ਦੇ ਪਿੰਡਾਂ ਸ਼ਹਿਰਾਂ ਵਿਚ ਕਲਾਤਮਕ ਮੰਦਰ ਬਨਾਏ ਹਨ। ਪੁਰਾਤਤਵ ਪਖੋਂ ਰਾਜਸਥਾਨ ਤੇ ਗੁਜਰਾਤ ਵਿਚ ਜੈਨ ਕਲਾ ਦਾ ਬਹੁਤ ਘੱਟ ਨੁਕਸਾਨ ਹੋਇਆ ਹੈ। ਭਗਵਾਨ ਮਹਾਵੀਰ ਸਿੰਧ ਸੋਵਿਰ ਪਹੁੰਚਦੇ ਹੋਏ ਹਾਹ ਵਿਚ ਇਸ ਰਸਤੇ ਰਾਹੀਂ ਧਰਮ ਪ੍ਰਚਾਰ ਕਰਦੇ ਗੁਜਰੇ ਸਨ। ਅੱਜ ਜੈਨ ਧਰਮ ਨੂੰ ਮਨਣ ਵਾਲੀਆਂ ਔਸਵਾਲ, ਬਬੇਰਵਾਲ, ਪਲੀਵਾਲ ਆਦਿ ਜਾਤਾਂ ਦਾ ਜਨਮ ਸਥਾਨ ਰਾਜਸਥਾਨ ਹੀ ਹੈ। ਚਿਤੌੜ ਦਾ ਕੀਰਤੀ ਸਤੰਭ, ਉਦੇਪੁਰ ਕੋਲ ਕੇਸਰੀਆ ਜੀ, ਰਾਣਕ ਪੁਰ, ਮਾਉਂਟ ਆਬੂ ਸਭ ਰਾਜਸਥਾਨ ਵਿਚ ਹੀ ਹਨ। ਜੋਧਪੁਰ, ਬੀਕਾਨੇਰ, ਅਜਮੇਰ, ਜਿਲਿਆਂ ਵਿਚ ਅਨੇਕਾਂ ਜੈਨ ਤੀਰਥ ਹਨ। ਸਵਾਂਈ ਮਾਧੋਪੁਰ ਵਿਖੇ ਸ੍ਰੀ ਮਹਾਵੀਰ ਜੀ ਨਾਂ ਦਾ ਪ੍ਰਸਿਧ ਤੀਰਥ ਹੈ। ਰਾਜਸਥਾਨ ਦੇ ਕਰੀਬ ਹਰ ਸ਼ਹਿਰ, ਪਿੰਡ ਵਿਚ ਜੈਨ ਗ੍ਰੰਥਾਂ ਦੇ ਪੁਰਾਤਨ ਭੰਡਾਰ ਸੁਰਖਿਅਤ ਹਨ। ਰਾਜਸਥਾਨ ਵਿਚ ਜੈਨ ਧਰਮ ਦੇ ਚਾਰੇ ਫਿਰਕੇ ਵੱਧੇ ਫੁੱਲੇ ਹਨ। ਸ਼ਵੇਤਾਂਵਰ ਤੇਰਾ ਪੰਥੀ ਫਿਰਕੇ ਦੀ ਜਨਮ ਸਥਲੀ ਰਾਜਸਥਾਨ ਹੈ।

ਤੇਰਾਪੰਥੀ ਫਿਰਕੇ ਦੇ ਸਾਰੇ ਅਚਾਰਿਆ ਰਾਜਸਥਾਨ ਨਾਲ ਸੰਬੰਧਿਤ ਹਨ। ਇਹ ਫਿਰਕਾ ਅੱਜ ਕੱਲ ਅਨੁਵਰਤ ਅਨੁਸ਼ਾਸਤਾ ਅਚਾਰਿਆ ਤੁਲਸੀ ਜੀ ਦੀ ਹਿਦਾਇਤਾਂ

ਅਨੁਸਾਰ ਪ੍ਰਚਾਰ ਕਰਦਾ ਹੈ। ਤੇਰਾਪੰਥ ਫਿਰਕੇ ਦੇ 90 ਪ੍ਰਤੀਸ਼ਤ ਸਾਧੂ ਸਾਧਵੀਆਂ ਰਾਜ-ਸਥਾਨੀ ਹਨ। ਇਸ ਤੋਂ ਛੁਟ ਸ਼ਵੇਤਾਂਬਰ ਜੈਨ ਪੂਜਾ ਦੇ ਡੇਰੇ ਵੀ ਰਾਜਸਥਾਨ ਵਿਚ ਪ੍ਰਚਾਰ ਕੇਂਦਰ ਹਨ। ਜੈਸਲਮੇਰ ਦਾ ਗ੍ਰੰਥ ਭੰਡਾਰ ਸਾਰੀ ਦੁਨੀਆਂ ਵਿਚ ਜੈਨ ਧਰਮ ਦਾ ਨਾਂ ਚਮਕਾ ਰਹੇ ਹਨ, ਜਿਥੇ ਹਜਾਰਾਂ ਹਥ ਲਿਖਤ, ਦੁਰਲਭ ਅਣਛਪੇ ਗ੍ਰੰਥ ਕਿਲੇ ਵਿਚ ਸੁਰ-ਖਿਅਤ ਹਨ। ਇਸ ਰਾਜ ਨੇ ਅਨੇਕਾਂ ਕਵੀ ਵਿਦਵਾਨ ਜੈਨ ਧਰਮ ਨੂੰ ਪ੍ਰਦਾਨ ਕੀਤੇ।

ਸ਼ਵੇਤਾਂਬਰ ਸਥਾਨਕਵਾਸੀ ਫਿਰਕੇ ਦੇ ਕਾਫੀ ਸਾਧੂ ਅਤੇ ਸਾਧਵੀਆਂ ਦਾ ਸੰਬੰਧ ਵੀ ਇਸ ਰਾਜ ਨਾਲ ਰਿਹਾ ਹੈ। ਦਰਅਸਲ ਗੁਜਰਾਤ ਅਤੇ ਰਾਜਸਥਾਨ ਜੈਨ ਧਰਮ ਦੇ ਪ੍ਰਮੁਖ ਰਾਜ ਹਨ। ਇਨ੍ਹਾਂ ਦੋਹਾਂ ਰਾਜਾਂ ਤੋਂ ਜੈਨ ਧਰਮ ਦੇ ਪ੍ਰਚਾਰ ਸਾਰੇ ਭਾਰਤ ਵਿਸ਼ੇਸ਼ ਤੌਰ ਤੇ ਸਿੰਧ, ਪੰਜਾਬ, ਕਸ਼ਮੀਰ, ਗੰਧਾਰ, ਰੂਸ ਤਕ ਪੂਜੇ ਹਨ। ਦਿਗੰਬਰ ਫਿਰਕੇ ਦੇ ਅਨੇਕਾਂ ਪ੍ਰਚਾਰ ਕੇਂਦਰ, ਮੰਦਰ, ਮਠ, ਗ੍ਰੰਥ ਭੰਡਾਰ ਕਾਫੀ ਮਾਤਰਾ ਵਿਚ ਮਿਲਦੇ ਹਨ।

**ਮੱਧ ਪ੍ਰਦੇਸ਼**— ਇਹ ਰਾਜ ਪ੍ਰਸਿਧ ਖੰਡੇਲਵਾਲ ਜ਼ਾਤੀ ਦਾ ਜਨਮ-ਸਥਾਨ ਹੈ। ਇਸ ਰਾਜ ਵਿਚ ਦਿਗੰਬਰ ਫਿਰਕੇ ਦਾ ਬਹੁਤ ਜੋਰ ਹੈ। ਇਥੇ ਅਨੇਕਾਂ ਜੈਨ ਤੀਰਥ ਹਨ। ਗਵਾਲੀਅਰ ਦੇ ਕਿਲੇ ਦੀਆਂ ਵਿਸ਼ਾਲ ਜੈਨ ਮੂਰਤੀਆਂ ਵੇਖਣ ਯੋਗ ਹਨ। ਇਸ ਤੋਂ ਛੁਟ ਖੁਜਰਾਹੋ, ਮੁਕਾਤਗਿਰੀ, ਚਗੀ, ਮਗੀ ਸੋਮ ਗਿਰ, ਦੇਵ ਗੜ, ਦੋਰਨਾ ਗਿਰੀ ਅਨੇਕਾਂ ਜੈਨ ਧਨਮ ਦੇ ਕਲਾ ਤੇ ਪ੍ਰਚਾਰ ਕੇਂਦਰ ਹਨ।

ਇਸ ਰਾਜ ਵਿਚ 17ਵੀਂ ਸਦੀ ਤਕ ਜੈਨ ਧਰਮ ਵਧਦਾ ਫੁਲਦਾ ਰਿਹਾ। ਇਥੇ ਕਲਚਰੀ ਵੰਸ਼ ਦੇ ਰਾਜੇ ਜੈਨ ਧਰਮ ਦੇ ਉਪਾਸਕ ਸਨ। ਇਨ੍ਹਾਂ ਦਾ ਸਮਾਂ 8-9 ਸਦੀ ਰਿਹਾ ਹੈ। ਜੈਨ ਕਲਾ ਦੇ ਚਿੰਨ੍ਹ ਹਰ ਪਿੰਡ ਅਤੇ ਪੁਰਾਣੇ ਸ਼ਹਿਰਾਂ ਵਿਚ ਵੇਖੇ ਜਾ ਸਕਦੇ ਹਨ, ਹੁਣ ਵੀ ਮੱਧ ਪ੍ਰਦੇਸ਼ ਜੈਨ ਧਰਮ ਦਾ ਪ੍ਰਮੁਖ ਕੇਂਦਰ ਹੈ।

**ਉੱਤਰ ਪ੍ਰਦੇਸ਼**— ਅਸੀਂ ਸ਼ੁਰੂ ਵਿਚ ਆਖ ਚੁਕੇ ਹਾਂ ਕਿ ਜ਼ਿਆਦਾ ਤੀਰਥੰਕਰਾਂ ਦਾ ਸੰਬੰਧ ਉੱਤਰਪ੍ਰਦੇਸ਼ ਨਾਲ ਸੀ। ਅੱਜ ਵੀ ਮਥੁਰਾ, ਮੇਰਠ (ਸ਼੍ਰਾਵਸਤੀ) ਖੁਖੰਦੋ, ਅਹਿਛੱਤਰ ਹਸਤਨਾਪੁਰ, ਬਨਾਰਸ, ਅਯੋਧਿਆ ਆਦਿ ਜੈਨ ਧਰਮ ਨਾਲ ਸੰਬੰਧਿਤ ਤੀਰਥ ਉੱਤਰਪ੍ਰਦੇਸ਼ ਵਿੱਚ ਹਨ। ਹਰ ਤੀਰਥੰਕਰ ਨੇ ਉੱਤਰ ਪ੍ਰਦੇਸ਼ ਵਿੱਚ ਧਰਮ ਪ੍ਰਚਾਰ ਕੀਤਾ ਹੈ। ਪਹਿਲੇ ਤੀਰਥੰਕਰ ਰਿਸ਼ਭਦੇਵ ਸਮੇਤ ਅਨੇਕਾਂ ਤੀਰਥੰਕਰਾਂ ਦੀ ਜਨਮ ਭੂਮੀ ਇਹ ਪ੍ਰਦੇਸ਼ ਹੈ, ਭਗਵਾਨ ਮਹਾਵੀਰ ਸਵਾਮੀ ਕਈ ਵਾਰ ਇਸ ਇਲਾਕੇ ਵਿੱਚ ਘੁੰਮੇ। ਖਾਸ ਤੌਰ ਤੇ ਬਾਰਾਨਸੀ, ਨੰਦ ਗ੍ਰਾਮ, ਮਥੁਰਾ, ਹਸਤਨਾਪੁਰ, ਕੋਸਮ (ਕੌਸ਼ਾਂਬੀ) ਦਾ ਨਾਂ ਵਰਨਣ ਯੋਗ ਹੈ। ਇਸੇ ਦਾ ਇੱਕ ਖੇਤਰ ਮੱਲ ਸੀ। ਭਗਵਾਨ ਮਹਾਵੀਰ ਦੇ ਨਿਰਵਾਨ ਸਮੇਂ ਕਾਸ਼ੀ, ਕੌਸ਼ਲ ਤੇ ਮਲ ਗਣ-ਖੇਤਰ ਦੇ ਰਾਜੇ ਭਗਵਾਨ ਦਾ ਅੰਤਿਮ ਉਪਦੇਸ਼ ਸੁਨਣ ਮਗਧ ਦੇਸ਼ ਦੀ ਪਾਵਾ ਨਗਰੀ ਪਹੁੰਚੇ ਸਨ। ਅੱਜ ਉੱਤਰ ਪ੍ਰਦੇਸ਼ ਵਿੱਚ ਹਰ ਫਿਰਕੇ ਦੇ ਤੀਰਥ ਸਥਾਨ, ਗ੍ਰੰਥ ਭੰਡਾਰ ਮਿਲਦੇ ਹਨ। ਮਥੁਰਾ ਦੀਆਂ ਜੈਨ ਮੂਰਤੀਆਂ ਅਤੇ ਜੈਨ ਸਥਾਨ ਇਸ ਗੱਲ ਦਾ ਜਿਉਂਦਾ ਪ੍ਰਮਾਣ ਹੈ ਕਿ ਜੈਨ ਧਰਮ ਉੱਤਰਪ੍ਰਦੇਸ਼ ਦੇ ਲੋਕਾਂ ਦਾ ਆਮ ਧਰਮ ਸੀ। ਇਹ ਰਾਜ ਮਹਾ-ਸਾਧਵੀ ਪਾਰਵਤੀ ਦੀ ਜਨਮ ਭੂਮੀ ਹੈ ਜੋ ਸ਼ਵੇਤਾਂਬਰ ਵਿਦਵਾਨ ਸਨ।

ਸ਼ਵੇਤਾਂਬਰ ਸਥਾਨਕਵਾਸੀ ਫਿਰਕੇ ਦੇ ਅਨੇਕਾਂ ਵਿਦਵਾਨ ਮੁਨੀ ਇਸ ਰਾਜ ਨਾਲ ਸੰਬੰਧਿਤ ਹਨ।